ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 250
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 10 September, 2026) ਵੀਰਵਾਰ, 10 ਸਤੰਬਰ, 2026, 25 ਭਾਦੋਂ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ:2 ਰੁਪਏ

ਕੈਬਨਿਟ ਵੱਲੋਂ ਤਿੰਨ ਰੇਲ ਪ੍ਰਾਜੈਕਟਾਂ ਨੂੰ ਮਨਜ਼ੂਰੀ

ਨਵੀਂ ਦਿੱਲੀ, 9 ਸਤੰਬਰ (ਚ.ਨ.ਸ.):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀਸੀਈਏ) ਨੇ ਬੁੱਧਵਾਰ ਨੂੰ ਰੇਲ ਮੰਤਰਾਲੇ ਦੇ 10,783 ਕਰੋੜ ਰੁਪਏ ਦੀ ਲਾਗਤ ਵਾਲੀ ਤਿੰਨ ਮਲਟੀ-ਟਰੈਕਿੰਗ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ ਪ੍ਰਾਜੈਕਟਾਂ 'ਚ ਖੜਗਪੁਰ-ਝਾਰਸੁਗੁੜਾ ਸੈਕਸ਼ਨ ਅਤੇ ਕਟਨੀ-ਪੇਂਡ੍ਰਾ ਰੋਡ ਸੈਕਸ਼ਨ ਵਿਚਕਾਰ ਚੌਥੀ ਲਾਈਨ ਅਤੇ ਬਿਲਾਸਪੁਰ (ਉਸਲਾਪੁਰ)-ਪੇਂਡ੍ਰਾ ਰੋਡ ਸੈਕਸ਼ਨ ਵਿਚਕਾਰ ਤੀਜੀ ਲਾਈਨ ਦਾ ਨਿਰਮਾਣ ਸ਼ਾਮਲ ਹੈ।ਅਧਿਕਾਰਤ ਬਿਆਨ ਦੇ ਅਨੁਸਾਰ, ਇਨ੍ਹਾਂ ਪ੍ਰਾਜੈਕਟਾਂ ਨਾਲ ਰੇਲ ਲਾਈਨ ਦੀ ਸਮਰੱਥਾ ਵਧੇਗੀ, ਜਿਸ ਨਾਲ ਆਵਾਜਾਈ 'ਚ ਸੁਧਾਰ ਦੇ ਸੰਚਾਲਨ ਕੁਸ਼ਲਤਾ ਅਤੇ ਸੇਵਾਵਾਂ ਦੀ ਭਰੋਸੇਯੋਗਤਾ (ਬਾਕੀ ਸਫਾ 11 'ਤੇ)

ਅਦਾਲਤ ਵੱਲੋਂ ਮੁੱਖ ਮੰਤਰੀ ਦੀ ਪਤਨੀ ਖ਼ਿਲਾਫ਼ ਬਦਨਾਮ ਕਰਨ ਵਾਲੀ ਸਮੱਗਰੀ ਪੋਸਟ ਕਰਨ 'ਤੇ ਰੋਕ

ਜਸਟਿਸ ਰਣਜੀਤ ਸਿੰਘ, ਮਜੀਠੀਆ ਤੇ ਸੁਖਪਾਲ ਖਹਿਰਾ ਨੂੰ ਦਿੱਤਾ ਹੁਕਮ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 9 ਸਤੰਬਰ :- ਚੰਡੀਗੜ੍ਹ ਦੀ ਇੱਕ ਅਦਾਲਤ ਨੇ ਸੇਵਾ-ਮੁਕਤ ਜਸਟਿਸ ਰਣਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਗੁਰਪ੍ਰੀਤ ਕੌਰ ਖ਼ਿਲਾਫ਼ ਰਿਸ਼ਵਤ ਦੀ ਮੰਗ ਦੇ ਕਥਿਤ ਦੋਸ਼ਾਂ ਨਾਲ ਜੁੜੀ ਕੋਈ ਵੀ ਬੇਬੁਨਿਆਦ ਅਤੇ ਬਦਨਾਮ ਕਰਨ ਵਾਲੀ ਸਮੱਗਰੀ ਸੋਸ਼ਲ ਮੀਡੀਆ ਪਲੇਟਫਾਰਮਾਂ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਪ੍ਰਕਾਸ਼ਤ ਕਰਨ, ਫੈਲਾਉਣ ਜਾਂ ਜਾਰੀ ਕਰਨ ਤੋਂ ਅਦਾਲਤ ਦੇ ਅਗਲੇ ਹੁਕਮਾਂ ਤੱਕ ਆਰਜ਼ੀ ਤੌਰ 'ਤੇ ਰੋਕ ਦਿੱਤੀ ਹੈ।

ਚੰਡੀਗੜ੍ਹ ਦੇ ਸਿਵਲ ਜੱਜ ਜੂਨੀਅਰ ਡਿਵੀਜ਼ਨ ਡਾ. ਪਰੀਕਸ਼ਿਤ ਨੇ ਮੁੱਖ ਮੰਤਰੀ ਦੀ ਪਤਨੀ ਗੁਰਪ੍ਰੀਤ ਕੌਰ ਵੱਲੋਂ ਹਰਜਾਨੇ ਅਤੇ ਹੁਕਮ (ਹੁਕਮਨਾਮੇ) ਲਈ ਦਾਇਰ ਮੁਕੱਦਮੇ 'ਤੇ ਇਹ ਹੁਕਮ ਪਾਸ ਕੀਤਾ ਹੈ। ਅਦਾਲਤ ਨੇ ਮੁਕੱਦਮੇ ਅਤੇ ਸਟੇਅ ਅਰਜ਼ੀ ਦੇ ਨੋਟਿਸ ਪ੍ਰਤੀਵਾਦੀਆਂ ਨੂੰ 30 ਸਤੰਬਰ, 2026 ਲਈ ਜਾਰੀ ਕੀਤੇ ਹਨ।

ਪਟੀਸ਼ਨਰ ਦੇ ਵਕੀਲ ਨੇ ਅਰਜ਼ੀ 'ਤੇ ਐਕਸ-ਪਾਰਟੀ (ਇੱਕਤਰਫਾ) ਸੁਣਵਾਈ ਅਤੇ ਅਗਲੀ ਤਾਰੀਖ ਤੱਕ ਆਰਜ਼ੀ ਹੁਕਮ ਦੇਣ ਦੀ ਅਪੀਲ ਕੀਤੀ ਸੀ। ਵਕੀਲ ਨੇ ਦਲੀਲ ਦਿੱਤੀ ਕਿ ਪਟੀਸ਼ਨਰ ਦੇ ਹੱਕ ਵਿੱਚ ਮਜ਼ਬੂਤ ਪ੍ਰਾਈਮਾ ਫੇਸੀ (ਮੁੱਢਲਾ) ਕੇਸ ਬਣਦਾ ਹੈ ਅਤੇ ਸਹੂਲਤ ਦਾ ਸੰਤੁਲਨ ਵੀ ਉਸ ਦੇ ਪੱਖ ਵਿੱਚ ਹੈ। ਜੇਕਰ ਹੁਕਮ ਜਾਰੀ ਨਹੀਂ ਕੀਤਾ ਜਾਂਦਾ ਹੈ, ਤਾਂ ਪਟੀਸ਼ਨਰ ਨੂੰ ਨੁਕਸਾਨ ਹੋਵੇਗਾ ਅਤੇ ਸੱਟ ਪਹੁੰਚੇਗੀ ਜਿਸ ਦੀ ਕਿਸੇ ਵੀ ਤਰ੍ਹਾਂ ਭਰਪਾਈ ਨਹੀਂ ਕੀਤੀ ਜਾ ਸਕਦੀ।

ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਪਟੀਸ਼ਨਰ ਪੰਜਾਬ ਸੂਬੇ ਦੇ ਮੁੱਖ ਮੰਤਰੀ ਦੀ ਪਤਨੀ ਹੈ ਅਤੇ ਇੱਕ ਯੋਗ ਮੈਡੀਕਲ ਪੇਸ਼ੇਵਰ ਵੀ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਪ੍ਰਤੀਵਾਦੀ ਨੰਬਰ 2, ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੇ 20 ਅਗਸਤ, 2026 ਨੂੰ ਜਬਰ ਜਨਾਹ ਦੇ ਇੱਕ ਕੇਸ ਵਿੱਚ ਮੁਲਜ਼ਮ ਤੋਂ 5 ਕਰੋੜ ਰੁਪਏ ਦੀ ਰਿਸ਼ਵਤ ਮੰਗਣ ਸਬੰਧੀ ਉਸ ਵਿਰੁੱਧ ਬੇਬੁਨਿਆਦ ਦੋਸ਼ ਲਾਏ ਸਨ ਅਤੇ ਇਸ ਨੂੰ ਡੀ ਡੀ ਨਿਊਜ਼ ਲਾਈਵ ਦੇ ਐਕਸ ਹੈਂਡਲ 'ਤੇ ਉਸ ਦੇ ਅਕਸ ਨੂੰ ਢਾਹ ਲਾਉਣ ਦੇ ਇਰਾਦੇ ਨਾਲ ਪੋਸਟ ਕੀਤਾ ਗਿਆ ਸੀ। ਜਸਟਿਸ ਰਣਜੀਤ ਸਿੰਘ ਪ੍ਰਤੀਵਾਦੀ ਨੰਬਰ 4, ਸੁਖਪਾਲ ਸਿੰਘ ਖਹਿਰਾ (ਜੋ ਉਸ ਦੇ ਪਤੀ ਦੇ ਸਿਆਸੀ ਵਿਰੋਧੀ ਹਨ) ਨਾਲ (ਬਾਕੀ ਸਫਾ 11 'ਤੇ)

ਸਰਕਾਰ-ਮੁਲਾਜ਼ਮ ਟਕਰਾਅ 'ਤੇ ਲੱਗੀ ਬਰੇਕ, ਮੁੱਖ ਸਕੱਤਰ ਨਾਲ ਮੀਟਿੰਗ ਮਗਰੋਂ ਹੜਤਾਲ ਵਾਪਸ

ਕਾਰਨ ਦੱਸੋ ਨੋਟਿਸ ਅਤੇ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਵਾਲਾ ਪੱਤਰ ਵਾਪਸ ਲੈਣ 'ਤੇ ਬਣੀ ਸਹਿਮਤੀ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 9 ਸਤੰਬਰ : ਪੰਜਾਬ ਸਰਕਾਰ ਅਤੇ ਸੂਬੇ ਦੇ ਮੁਲਾਜ਼ਮਾਂ ਦਰਮਿਆਨ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਰੇੜਕਾ ਫਿਲਹਾਲ ਖ਼ਤਮ ਹੁੰਦਾ ਜਾਪ ਰਿਹਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੇ ਦਫ਼ਤਰ ਵਿਖੇ ਮੁਲਾਜ਼ਮ ਆਗੂਆਂ ਨਾਲ ਹੋਈ ਕਰੀਬ ਇੱਕ ਘੰਟੇ ਦੀ ਮੀਟਿੰਗ ਤੋਂ ਬਾਅਦ ਮੁਲਾਜ਼ਮਾਂ ਨੇ ਆਪਣੀ ਹੜਤਾਲ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਦੇਰ ਰਾਤ ਵਿਚਾਲੇ ਹੋਈ ਗੱਲਬਾਤ ਨੂੰ ਸੁਖਾਵੀਂ ਅਤੇ 'ਸਾਰਥਕ' ਦੱਸਿਆ ਗਿਆ ਹੈ। ਮੀਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਸਾਂਝਾ ਮੁਲਾਜ਼ਮ ਮੰਚ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ ਸਮੇਤ ਹੋਰ ਪ੍ਰਮੁੱਖ ਆਗੂਆਂ ਨੇ ਹੜਤਾਲ ਖ਼ਤਮ ਕਰਨ ਦਾ ਰਸਮੀ ਐਲਾਨ ਕੀਤਾ।

ਖਹਿਰਾ ਨੇ ਕਿਹਾ ਕਿ ਮੀਟਿੰਗ ਦੌਰਾਨ ਮੁਲਾਜ਼ਮਾਂ ਨਾਲ ਜੁੜੇ ਵੱਖ-ਵੱਖ



ਮਸਲਿਆਂ 'ਤੇ ਵਿਸਥਾਰ ਨਾਲ ਚਰਚਾ ਹੋਈ। ਉਨ੍ਹਾਂ ਮੁਤਾਬਕ ਮੁੱਖ ਸਕੱਤਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਇਤਰਾਜ਼ਾਂ ਨੂੰ ਸੁਣਿਆ ਅਤੇ ਸਰਕਾਰ ਵੱਲੋਂ ਜਾਰੀ ਕੀਤੇ ਗਏ ਕੁਝ ਵਿਵਾਦਤ ਪੱਤਰ ਵਾਪਸ ਲੈਣ 'ਤੇ ਸਹਿਮਤੀ ਦਿੱਤੀ। ਇਸ ਤੋਂ ਬਾਅਦ ਮੁਲਾਜ਼ਮ ਜਥੇਬੰਦੀਆਂ ਨੇ ਹੜਤਾਲ ਜਾਰੀ ਰੱਖਣ ਦੀ ਬਜਾਏ ਇਸ ਨੂੰ ਵਾਪਸ ਲੈਣ ਦਾ ਫ਼ੈਸਲਾ ਕੀਤਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕੀਤਾ ਸੀ ਕਿ ਹੜਤਾਲ ਅਤੇ ਗੱਲਬਾਤ ਦੋਵੇਂ ਇਕੱਠਿਆਂ ਨਹੀਂ ਚੱਲ ਸਕਦੀਆਂ। ਇਸ ਬਿਆਨ ਤੋਂ ਬਾਅਦ ਸਰਕਾਰ ਅਤੇ ਮੁਲਾਜ਼ਮਾਂ ਵਿਚਾਲੇ ਟਕਰਾਅ ਹੋਰ ਵਧਣ ਦੇ ਆਸਾਰ ਬਣ ਗਏ ਸਨ। ਪਰ ਮੁੱਖ ਸਕੱਤਰ ਨਾਲ ਹੋਈ ਮੀਟਿੰਗ ਨੇ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਦਾ ਰਾਹ ਮੁੜ ਖੋਲ੍ਹ ਦਿੱਤਾ ਹੈ। ਮੁਲਾਜ਼ਮ ਆਗੂਆਂ ਦਾ ਕਹਿਣਾ ਹੈ ਕਿ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ ਅਤੇ ਸਰਕਾਰ ਵੱਲੋਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਸੁਣਿਆ ਗਿਆ।

ਪਹਿਲੇ ਪੜਾਅ ਤਹਿਤ ਮੁੱਖ ਸਕੱਤਰ ਪੱਧਰ 'ਤੇ ਇਹ ਅਹਿਮ ਮੀਟਿੰਗ ਹੋਈ ਹੈ। ਮੁਲਾਜ਼ਮਾਂ ਦੇ ਸੰਘਰਸ਼ ਕਾਰਨ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਜ ਪ੍ਰਭਾਵਿਤ ਹੋਣ ਲੱਗਾ ਸੀ ਅਤੇ ਆਮ ਲੋਕਾਂ ਨੂੰ ਵੀ ਆਪਣੇ ਰੋਜ਼ਮਰ੍ਹਾ ਦੇ ਸਰਕਾਰੀ ਕੰਮ ਕਰਵਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਦੂਜੇ ਪਾਸੇ ਲੰਮਾ ਖਿੱਚ ਰਿਹਾ ਮੁਲਾਜ਼ਮ ਅੰਦੋਲਨ ਸੂਬਾ ਸਰਕਾਰ ਲਈ ਵੀ ਸਿਆਸੀ ਅਤੇ ਪ੍ਰਸ਼ਾਸਨਿਕ ਚੁਣੌਤੀ ਬਣਦਾ ਜਾ ਰਿਹਾ ਸੀ। ਕਈ ਦਿਨਾਂ ਦੇ ਡੈੱਡਲਾਕ ਮਗਰੋਂ ਆਖ਼ਰਕਾਰ ਅਧਿਕਾਰੀ ਪੱਧਰ 'ਤੇ ਗੱਲਬਾਤ ਸ਼ੁਰੂ ਹੋਣ ਨਾਲ ਟਕਰਾਅ ਘਟਾਉਣ ਦਾ ਰਾਹ ਬਣਿਆ ਹੈ।ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਦੌਰਾਨ ਮੁਲਾਜ਼ਮਾਂ ਖ਼ਿਲਾਫ਼ ਜਾਰੀ ਪੱਤਰ ਵਾਪਸ ਲੈਣ ਲਈ ਸਹਿਮਤੀ ਪ੍ਰਗਟਾਈ। ਇਨ੍ਹਾਂ ਵਿੱਚ ਹੜਤਾਲੀ ਮੁਲਾਜ਼ਮਾਂ ਨੂੰ ਦਿੱਤੇ ਗਏ 'ਕਾਰਨ ਦੱਸੋ ਨੋਟਿਸ' ਅਤੇ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਸਬੰਧੀ ਜਾਰੀ ਪੱਤਰ ਸ਼ਾਮਲ ਹਨ।

ਇਨ੍ਹਾਂ ਹੁਕਮਾਂ ਕਾਰਨ ਮੁਲਾਜ਼ਮ ਵਰਗ ਵਿੱਚ ਨਾਰਾਜ਼ਗੀ ਹੋਰ ਵਧ ਗਈ ਸੀ ਅਤੇ ਜਥੇਬੰਦੀਆਂ ਨੇ ਸਰਕਾਰ ਦੇ ਰੁਖ਼ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਕੀਤਾ ਸੀ।ਸਾਂਝਾ ਮੁਲਾਜ਼ਮ ਮੰਚ ਨੇ ਇਸ ਤੋਂ ਪਹਿਲਾਂ ਕਲਮ ਛੋੜ ਹੜਤਾਲ ਨੂੰ 11 ਸਤੰਬਰ ਤੱਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਸੀ। ਪਰ ਮੁੱਖ ਸਕੱਤਰ ਵੱਲੋਂ (ਬਾਕੀ ਸਫਾ 11 'ਤੇ)

ਪੰਜਾਬ 'ਚ 14 ਤੇ 15 ਸਤੰਬਰ ਨੂੰ ਭਾਰੀ ਮੀਂਹ ਦੀ ਪੇਸ਼ੀਨਗੋਈ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 9 ਸਤੰਬਰ : ਪੰਜਾਬ ਵਿੱਚ ਪਿਛਲੇ ਕਈ ਦਿਨਾਂ ਤੋਂ ਮੌਨਸੂਨ ਦੇ ਕਮਜ਼ੋਰ ਰਹਿਣ ਤੋਂ ਬਾਅਦ ਮੌਸਮ ਵਿਭਾਗ ਨੇ ਅੱਜ ਦੱਸਿਆ ਕਿ 14 ਤੋਂ 15 ਸਤੰਬਰ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਭਾਰੀ ਮੀਂਹ ਪੈਣ ਦੀ ਉਮੀਦ ਹੈ। ਭਾਰਤੀ ਮੌਸਮ ਵਿਭਾਗ (ਆਈ.ਐੱਮ.ਡੀ.) ਵੱਲੋਂ 9 ਸਤੰਬਰ ਨੂੰ ਜਾਰੀ ਕੀਤੇ ਗਏ ਬੁਲੇਟਿਨ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਅਤੇ ਹਰਿਆਣਾ ਵਿੱਚ ਮੌਨਸੂਨ ਦੀ ਸਰਗਰਮੀ ਕਮਜ਼ੋਰ ਰਹੀ ਹੈ ਅਤੇ ਦੋਵਾਂ ਰਾਜਾਂ ਵਿੱਚ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਸ਼ ਦਰਜ ਕੀਤੀ ਗਈ ਹੈ। ਦੋਵਾਂ ਰਾਜਾਂ ਵਿੱਚ ਦਿਨ ਦਾ ਤਾਪਮਾਨ ਆਮ ਵਾਂਗ ਰਿਹਾ ਜਦੋਂ ਕਿ ਪੰਜਾਬ ਵਿੱਚ ਰਾਤ ਦਾ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਗਿਆ। ਪੰਜਾਬ ਵਿੱਚ ਵੱਧ ਤੋਂ ਵੱਧ ਤਾਪਮਾਨ ਬਠਿੰਡਾ ਵਿਚ 36.4 ਡਿਗਰੀ ਸੈਲਸੀਅਸ ਅਤੇ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ ਆਦਮਪੁਰ ਵਿਖੇ 23.2 ਡਿਗਰੀ ਸੈਲਸੀਅਸ ਰਿਹਾ। ਹਰਿਆਣਾ (ਬਾਕੀ ਸਫਾ 11 'ਤੇ)

ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਜਗਜੀਤ ਸਿੰਘ ਦਰਦੀ ਦੇ ਭੈਣ ਜੀ ਅਤੇ ਸੀ.ਐਮ. ਹਰਿਆਣਾ ਦੇ ਓ.ਐਸ.ਡੀ. ਡਾ.ਪ੍ਰਭਲੀਨ ਸਿੰਘ ਦੇ ਮਾਤਾ ਜੀ ਦਾ ਹੋਇਆ ਅੰਤਿਮ ਸਸਕਾਰ

ਵੱਡੀ ਗਿਣਤੀ 'ਚ ਧਾਰਮਿਕ, ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਦਿੱਤੀ ਸ਼ਰਧਾਂਜਲੀ

ਗੁਰਮੁਖ ਸਿੰਘ ਰੁਪਾਣਾ

ਪਟਿਆਲਾ, 9 ਸਤੰਬਰ: ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਡਾ.ਜਗਜੀਤ ਸਿੰਘ ਦਰਦੀ ਦੇ ਸਤਿਕਾਰਯੋਗ ਭੈਣ ਜੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਓ.ਐਸ.ਡੀ. ਡਾ. ਪ੍ਰਭਲੀਨ ਸਿੰਘ ਦੇ ਸਤਿਕਾਰਯੋਗ ਮਾਤਾ ਜੀ ਸ੍ਰੀਮਤੀ ਇੰਦਰਜੀਤ ਕੌਰ ਹੈਰੀ ਪਤਨੀ ਸਵ. ਹਰਮਿੰਦਰ ਸਿੰਘ ਹੈਰੀ ਦਾ ਅੱਜ ਸਵੇਰੇ ਤੜਕਸਾਰ ਦੇਹਾਂਤ ਹੋ ਗਿਆ ਸੀ। ਅੱਜ ਉਹਨਾਂ ਦਾ ਅੰਤਿਮ ਸਸਕਾਰ ਪਟਿਆਲਾ ਦੇ ਰਾਜਪੁਰਾ ਰੋਡ ਸਥਿਤ ਵੀਰ ਜੀ ਦੀਆਂ ਮੜੀਆਂ ਵਿਖੇ



ਕੀਤਾ ਗਿਆ। ਇਸ ਮੌਕੇ ਉਨਾਂ ਦੀ ਚਿਖਾ ਨੂੰ ਅਗਨੀ ਡਾ. ਪ੍ਰਭਲੀਨ ਸਿੰਘ ਨੇ ਦਿਖਾਈ। ਇਸ ਮੌਕੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਨੇ ਅਰਦਾਸ ਕੀਤੀ।

ਅੰਤਿਮ ਸਸਕਾਰ ਮੌਕੇ ਪੰਜਾਬ, ਹਰਿਆਣਾ ਸਮੇਤ ਹੋਰਨਾਂ ਰਾਜਾਂ ਤੋਂ ਵੱਡੀ ਗਿਣਤੀ ਚ ਪੰਥਕ ਸ਼ਖਸੀਅਤਾਂ, ਰਾਜਨੀਤਿਕ ਆਗੂ ਅਤੇ ਸਮਾਜਿਕ ਕਾਰਕੁਨ ਸ਼ਾਮਲ ਹੋਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਦੀ ਤਰਫੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਪੁੱਜੇ। (ਬਾਕੀ ਸਫਾ 12 'ਤੇ)

ਠੇਕੇ 'ਤੇ ਰੱਖੇ ਮੁਲਾਜ਼ਮ ਸਿਰਫ਼ ਲੰਬੀ ਸੇਵਾ ਦੇ ਆਧਾਰ 'ਤੇ ਪੀ.ਆਰ.ਟੀ.ਸੀ. 'ਚ ਪੱਕੇ ਨਹੀਂ ਹੋ ਸਕਦੇ: ਹਾਈ ਕੋਰਟ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 9 ਸਤੰਬਰ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਸਪਸ਼ਟ ਕੀਤਾ ਕਿ ਕਿਸੇ ਨਿੱਜੀ ਆਊਟਸੋਰਸਿੰਗ ਏਜੰਸੀ ਰਾਹੀਂ ਭਰਤੀ ਕੀਤੇ ਗਏ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਵਿੱਚ ਤਾਇਨਾਤ ਮੁਲਾਜ਼ਮਾਂ ਨੂੰ ਸਿਰਫ਼ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਦੇ ਆਧਾਰ 'ਤੇ ਪੱਕਾ (ਰੈਗੂਲਰ) ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਨੂੰ ਪੀ.ਆਰ.ਟੀ.ਸੀ. ਵੱਲੋਂ ਨੌਕਰੀ 'ਤੇ ਨਹੀਂ ਰੱਖਿਆ ਗਿਆ ਅਤੇ ਨਾ ਹੀ ਕੋਈ ਰੁਜ਼ਗਾਰ ਦਾ ਦਰਜਾ ਦਿੱਤਾ ਗਿਆ ਹੈ। ਜਸਟਿਸ ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਮਿੰਦਰਜੀਤ ਯਾਦਵ ਦੇ ਡਿਵੀਜ਼ਨ ਬੈਂਚ ਨੇ ਪੀ.ਆਰ.ਟੀ.ਸੀ. ਵੱਲੋਂ ਦਾਇਰ ਕੀਤੀਆਂ ਚਾਰ ਅਪੀਲਾਂ ਨੂੰ



ਮਨਜ਼ੂਰ ਕਰਦਿਆਂ ਸਿੰਗਲ ਬੈਂਚ ਦੇ ਉਸ ਹੁਕਮ ਨੂੰ ਰੱਦ ਕਰ ਦਿੱਤਾ ਹੈ ਜਿਸ ਵਿੱਚ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਅਦਾਲਤ ਨੇ ਸਪਸ਼ਟ ਕੀਤਾ ਕਿ ਇਨ੍ਹਾਂ ਮੁਲਾਜ਼ਮਾਂ ਦੀ ਭਰਤੀ ਲਈ ਇਸ਼ਤਿਹਾਰ (ਬਾਕੀ ਸਫਾ 11 'ਤੇ)

ਮਾਨ ਦਾ ਰਾਹੁਲ ਗਾਂਧੀ ਨੂੰ ਜਵਾਬ, ਲਾਸ਼ਾਂ 'ਤੇ ਨਾ ਕਰੋ ਸਿਆਸਤ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 9 ਸਤੰਬਰ : ਮੁੱਖ ਮੰਤਰੀ ਭਗਵੰਤ ਮਾਨ ਨੇ ਰਾਹੁਲ ਗਾਂਧੀ ਨੂੰ ਤਿੱਖਾ ਜਵਾਬ ਦਿੰਦਿਆਂ ਲਾਸ਼ਾਂ 'ਤੇ ਸਿਆਸਤ ਨਾ ਕਰਨ ਤੋਂ ਵਰਜਿਆ ਹੈ। ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਦਾ ਰਹਿਣ ਵਾਲਾ 47 ਸਾਲਾ ਦਲਿਤ ਵਿਅਕਤੀ ਗੁਲਜ਼ਾਰ ਸਿੰਘ ਸੋਮਵਾਰ ਰਾਤ ਨੂੰ ਜ਼ਹਿਰੀਲੀ

ਈਜ਼ੀ ਰਜਿਸਟਰੀ ਦੇ 14 ਮਹੀਨੇ ਮੁਕੰਮਲ, ਜਾਇਦਾਦ ਰਜਿਸਟ੍ਰੇਸ਼ਨ ਸੇਵਾਵਾਂ 'ਚ ਆਇਆ ਵੱਡਾ ਬਦਲਾਅ

ਸੂਬੇ ਨੇ ਲੰਬੀਆਂ ਕਤਾਰਾਂ ਤੇ ਏਜੰਟਾਂ ਦੀ ਥਾਂ ਆਨਲਾਈਨ ਸੇਵਾਵਾਂ, ਦਸਤਾਵੇਜ਼ਾਂ ਦੀ ਸਮਾਂਬੱਧ ਘੋਖ ਤੇ ਡਿਜੀਟਲ ਪਾਰਦਰਸ਼ਤਾ ਦੇ ਯੁੱਗ ਤੱਕ ਪੈਰ ਪਸਾਰੇ : ਮੁੰਡੀਆਂ

ਚੰਡੀਗੜ੍ਹ, 9 ਸਤੰਬਰ (ਚ.ਨ.ਸ.): ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਕਿਹਾ ਕਿ ਜਾਇਦਾਦ ਰਜਿਸਟ੍ਰੇਸ਼ਨ ਨੂੰ ਤੇਜ਼, ਸਰਲ, ਪਾਰਦਰਸ਼ੀ ਤੇ ਲੋਕ-ਪੱਖੀ ਬਣਾਉਣ ਸਬੰਧੀ ਸੂਬਾ ਸਰਕਾਰ ਦੇ ਯਤਨਾਂ ਵਿੱਚ ਈਜ਼ੀ ਰਜਿਸਟਰੀ ਇੱਕ ਅਹਿਮ ਮੀਲ ਪੱਥਰ ਸਾਬਤ ਹੋਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਈਜ਼ੀ ਰਜਿਸਟਰੀ ਦੀ ਜੁਲਾਈ 2025 ਵਿੱਚ ਮੋਹਾਲੀ ਤੋਂ ਪਾਇਲਟ ਪ੍ਰਾਜੈਕਟ ਵਜੋਂ ਸ਼ੁਰੂਆਤ ਤੋਂ ਲੈ ਕੇ ਨਾਗਰਿਕਾਂ ਨੂੰ ਜਾਇਦਾਦ ਰਜਿਸਟ੍ਰੇਸ਼ਨ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕੇ ਪੂਰੀ ਤਰ੍ਹਾਂ ਬਦਲ ਗਏ। ਇਸ ਪਹਿਲਕਦਮੀ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ, ਜੋ ਪਹਿਲਾਂ ਵੱਡੇ ਪੱਧਰ 'ਤੇ ਦਫ਼ਤਰੀ ਪ੍ਰਣਾਲੀ 'ਤੇ ਨਿਰਭਰ ਸੀ, ਇੱਕ ਆਨਲਾਈਨ ਤੇ ਸਮਾਂਬੱਧ ਮਾਡਲ ਵਿੱਚ ਤਬਦੀਲ ਕੀਤੀ ਗਈ ਜਿਸ ਨਾਲ ਵਾਰ-ਵਾਰ ਦਫ਼ਤਰਾਂ ਦੇ ਗੇੜੇ ਮਾਰਨ ਅਤੇ ਸਿੱਧੇ ਸੰਪਰਕ ਕਰਨ ਦੀ ਜ਼ਰੂਰਤ ਘੱਟ ਗਈ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮਾਨ ਸਰਕਾਰ ਦਾ ਧਿਆਨ ਜਾਇਦਾਦ ਰਜਿਸਟ੍ਰੇਸ਼ਨ ਨੂੰ ਇੱਕ ਅਜਿਹੀ ਸੇਵਾ ਵਿੱਚ ਬਦਲਣ 'ਤੇ ਕੇਂਦਰਤ ਰਿਹਾ ਜਿਸ ਤੱਕ ਨਾਗਰਿਕ ਵਧੇਰੇ ਸੁਵਿਧਾਜਨਕ ਤਰੀਕੇ ਅਤੇ ਵਿਸ਼ਵਾਸ ਨਾਲ ਪਹੁੰਚ ਕਰ ਸਕਣ। ਉਨ੍ਹਾਂ ਕਿਹਾ, "ਈਜ਼ੀ ਰਜਿਸਟਰੀ ਸਿਰਫ਼ ਇੱਕ ਡਿਜੀਟਲ ਪਲੇਟਫ਼ਾਰਮ ਨਹੀਂ, ਸਗੋਂ ਇਹ ਇੱਕ ਪ੍ਰਸ਼ਾਸਨਕ ਸੁਧਾਰ ਹੈ, ਜੋ ਨਾਗਰਿਕਾਂ ਦੀ ਸਹੂਲਤ, ਮਾਣ ਤੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤਾ ਗਿਆ ਹੈ।" ਉਨ੍ਹਾਂ ਕਿਹਾ ਕਿ ਈਜ਼ੀ ਰਜਿਸਟਰੀ ਦਾ ਪ੍ਰਭਾਵ ਨਾਗਰਿਕਾਂ ਤੋਂ ਪ੍ਰਾਪਤ ਫੀਡਬੈਕ ਤੋਂ ਸਪੱਸ਼ਟ ਹੁੰਦਾ ਹੈ। ਜਿਹੜੇ ਜ਼ਿਲ੍ਹਿਆਂ ਅਤੇ ਪਿੰਡਾਂ ਵਿੱਚ ਇਹ ਪੋਰਟਲ ਕਾਰਜਸ਼ੀਲ ਹੈ, ਉੱਥੋਂ ਦੇ 6,623 ਟੋਕਨ-ਹੋਲਡਰ ਨਾਗਰਿਕਾਂ ਦੇ ਦੋ ਪੜਾਵਾਂ ਵਿੱਚ ਸਰਵੇਖਣ ਕਰਵਾਏ ਗਏ। ਸਰਵੇਖਣ 1.0 ਵਿੱਚ 1,737 ਲਾਭਪਾਤਰੀ ਅਤੇ ਸਰਵੇਖਣ 2.0 ਵਿੱਚ 4,886 ਲਾਭਪਾਤਰੀ ਸ਼ਾਮਲ ਹੋਏ।



ਲਾਭਪਾਤਰੀਆਂ ਦੀ ਫ਼ੀਡਬੈਕ ਅਨੁਸਾਰ ਜ਼ਿਆਦਾਤਰ ਬਿਨੈਕਾਰਾਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਨਿਰਧਾਰਤ ਦਿਨ ਨੂੰ ਲਗਭਗ 35 ਮਿੰਟਾਂ ਵਿੱਚ ਮੁਕੰਮਲ ਹੋਈ। ਨਿਰਧਾਰਤ ਦਿਨ ਤੇ ਟੋਕਨ ਪ੍ਰਣਾਲੀ ਨਾਲ ਦਫ਼ਤਰਾਂ ਵਿੱਚ ਉਡੀਕ ਕਰਨ ਦੇ ਸਮੇਂ ਵਿੱਚ ਕਮੀ ਆਈ ਜਦੋਂ ਕਿ 48-ਘੰਟੇ ਵਿੱਚ ਦਸਤਾਵੇਜ਼ਾਂ ਦੀ ਜਾਂਚ ਨਾਲ ਵਾਰ-ਵਾਰ ਦਫ਼ਤਰ ਜਾਣ ਦੀ ਜ਼ਰੂਰਤ ਵੀ ਘਟੀ ਹੈ। ਸਥਿਤੀ ਸਬੰਧੀ ਵੱਟਸਐਪ ਅਪਡੇਟ ਨਾਲ ਅਰਜ਼ੀਆਂ ਨੂੰ ਟਰੈਕ ਕਰਨ ਲਈ ਏਜੰਟਾਂ 'ਤੇ ਨਿਰਭਰਤਾ ਹੋਰ ਘਟ ਗਈ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਰਜਿਸਟਰਡ ਡੀਡ ਇੱਕ ਵਾਰ ਜਾਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਮੁੰਡੀਆਂ ਨੇ ਕਿਹਾ ਕਿ ਇਹ ਅੰਕੜੇ ਇਨ੍ਹਾਂ 14 ਮਹੀਨਿਆਂ ਦੌਰਾਨ ਈਜ਼ੀ ਰਜਿਸਟਰੀ ਰਾਹੀਂ ਲਿਆਂਦੇ ਗਏ ਬਦਲਾਅ ਨੂੰ ਦਰਸਾਉਂਦੇ ਹਨ। ਫੀਡਬੈਕ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਸੁਧਾਰਾਂ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਸਮਾਂਬੱਧਤਾ ਅਤੇ ਜਨਤਾ ਦੇ ਭਰੋਸੇ ਦੋਵਾਂ ਵਿੱਚ ਸੁਧਾਰ ਕੀਤਾ ਹੈ। ਆਨਲਾਈਨ ਡੀਡ ਤਿਆਰ ਕਰਨ ਅਤੇ ਫੀਸ ਭੁਗਤਾਨ ਤੋਂ ਲੈ ਕੇ ਮੁਢਲੀ-ਜਾਂਚ, ਪਹਿਲਾਂ ਆਉ-ਪਹਿਲਾਂ ਜਾਉ (ਐਫ.ਆਈ.ਐਫ.ਓ) ਫਾਈਲ ਪ੍ਰੋਸੈਸਿੰਗ, ਡਿਜੀਟਲ ਫਰਦ ਜਨਰੇਸ਼ਨ, ਈ-ਕੇਵਾਈਸੀ ਵੈਰੀਫਿਕੇਸ਼ਨ, ਟੋਕਨ ਪ੍ਰਬੰਧਨ ਤੇ ਵੱਟਸਐਪ ਸੰਚਾਰ ਤੱਕ, ਸਿਸਟਮ ਨੇ ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਹੈ। ਮੁੰਡੀਆਂ ਨੇ ਕਿਹਾ ਕਿ ਕਿਸੇ ਵੀ ਦਫ਼ਤਰ ਵਿੱਚ ਕੰਮ ਕਰਵਾਉਣ ਦੀ ਇਸ ਸੁਵਿਧਾ ਨਾਲ ਕਿਸੇ ਖਾਸ ਦਫ਼ਤਰ ਜਾਂ ਅਧਿਕਾਰੀ 'ਤੇ ਨਾਗਰਿਕਾਂ ਦੀ ਨਿਰਭਰਤਾ ਵਿੱਚ ਕਮੀ ਆਈ ਹੈ ਤੇ ਨਾਗਰਿਕਾਂ ਨੂੰ ਚੋਣ ਕਰਨ ਸਬੰਧੀ ਵਧੇਰੇ ਆਜ਼ਾਦੀ ਪ੍ਰਦਾਨ ਕੀਤੀ ਗਈ। ਇਸ ਸੁਧਾਰ ਨਾਲ ਪੱਖਪਾਤ ਅਤੇ ਬੇਲੋੜੇ ਪ੍ਰਭਾਵ ਦੀ ਸਥਿਤੀਆਂ ਨੂੰ ਖ਼ਤਮ ਕਰਨ ਵਿੱਚ ਵੀ ਮਦਦ ਮਿਲੀ ਹੈ।

ਡੀਡ ਡਰਾਫਟਿੰਗ ਹੁਣ ਵਿਚੋਲਿਆਂ 'ਤੇ ਨਿਰਭਰ ਨਹੀਂ : ਈਜ਼ੀ ਰਜਿਸਟਰੀ ਨੇ ਸੇਲ ਡੀਡ ਤਿਆਰ ਕਰਨ ਦੇ ਤਰੀਕੇ ਨੂੰ ਵੀ ਬਦਲ ਦਿੱਤਾ ਹੈ। ਨਾਗਰਿਕ ਹੁਣ ਤਿੰਨ ਵਿਕਲਪਾਂ 'ਚੋਂ ਚੋਣ ਕਰ ਸਕਦੇ ਹਨ: ਡੂ ਇਟ ਯੂਅਰਸੈਲਫ ਆਨਲਾਈਨ ਡੀਡ ਡਰਾਫਟਿੰਗ, ਸਮਰਪਿਤ ਡੀਡ ਸਹਾਇਤਾ ਕਾਊਂਟਰਾਂ 'ਤੇ ਸਹਾਇਤਾ ਜਾਂ ਸੇਵਾ ਸਹਾਇਕਾਂ ਰਾਹੀਂ ਦਰ 'ਤੇ ਸੇਵਾਵਾਂ। ਇਸ ਨਾਲ ਨਿਯਮਤ ਡਰਾਫਟਿੰਗ ਜ਼ਰੂਰਤਾਂ ਲਈ ਨਿੱਜੀ ਡੀਡ-ਰਾਈਟਰਾਂ ਤੇ ਵਕੀਲਾਂ 'ਤੇ ਨਿਰਭਰਤਾ ਘਟੀ ਹੈ ਤੇ ਨਾਗਰਿਕਾਂ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ 'ਤੇ ਵਧੇਰੇ ਕੰਟਰੋਲ ਮਿਲਿਆ ਹੈ।

ਇੱਕ ਟ੍ਰਾਂਜੈਕਸ਼ਨ, 25 ਬੈਂਕ ਅਤੇ ਤੁਰੰਤ ਫੀਸ ਗਣਨਾ : ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਨੇ ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ ਦੇ ਭੁਗਤਾਨ ਨੂੰ ਸੁਚਾਰੂ ਬਣਾਇਆ ਹੈ। ਲਾਗੂ ਫੀਸਾਂ ਦੀ ਗਣਨਾ ਤੁਰੰਤ ਕੀਤੀ ਜਾਂਦੀ ਹੈ ਅਤੇ ਨਾਗਰਿਕ 25 ਬੈਂਕਾਂ ਦੀ ਇੱਕ ਏਕੀਕ੍ਰਿਤ ਪ੍ਰਣਾਲੀ ਦੀ ਵਰਤੋਂ ਕਰਕੇ ਇੱਕ ਸਿੰਗਲ ਟ੍ਰਾਂਜ਼ੈਕਸ਼ਨ ਰਾਹੀਂ ਆਨਲਾਈਨ ਭੁਗਤਾਨ ਕਰ ਸਕਦੇ ਹਨ।

ਡਿਜੀਟਲ ਫ਼ਰਦ ਹੁਣ ਖੁਦ-ਬ-ਖੁਦ ਹੁੰਦੀ ਹੈ ਤਿਆਰ : ਈਜ਼ੀ ਰਜਿਸਟਰੀ ਤਹਿਤ ਇੱਕ ਵੱਡਾ ਤਕਨੀਕੀ ਸੁਧਾਰ ਜਮ੍ਹਾਂਬੰਦੀ ਪੋਰਟਲ ਦਾ ਈਜ਼ੀ ਰਜਿਸਟਰੀ ਪੋਰਟਲ ਨਾਲ ਏਕੀਕਰਣ ਹੈ। ਇਸ ਏਕੀਕਰਣ ਨਾਲ ਕਿਊ ਆਰ ਕੋਡ ਰਾਹੀਂ ਡਿਜੀਟਲ ਫਰਦ ਆਟੋਮੈਟਿਕਲੀ ਤਿਆਰ ਹੋ ਜਾਂਦੀ ਹੈ। ਬਿਨੈਕਾਰਾਂ ਨੂੰ ਹੁਣ ਫਰਦ ਮੈਨੂਅਲ ਅਪਲੋਡ ਕਰਨ ਦੀ ਲੋੜ ਨਹੀਂ ਹੈ। ਇਹ ਸਿਸਟਮ ਪ੍ਰਮਾਣਿਤ ਅਤੇ ਅਪਡੇਟ ਕੀਤੇ ਜ਼ਮੀਨੀ ਰਿਕਾਰਡ ਪ੍ਰਦਾਨ ਕਰਦਾ ਹੈ ਜਿਸ ਨਾਲ ਦਸਤਾਵੇਜ਼ਾਂ ਨਾਲ ਛੇੜਛਾੜ ਜਾਂ ਜਾਅਲੀ ਹੋਣ ਦੀ ਸੰਭਾਵਨਾ ਕਾਫ਼ੀ ਘਟ ਜਾਂਦੀ ਹੈ। ਇਸ ਪ੍ਰਣਾਲੀ ਨੇ ਬਿਨੈਕਾਰਾਂ ਲਈ ਪ੍ਰੋਸੈਸਿੰਗ ਸਮਾਂ ਅਤੇ ਬੇਲੋੜੇ ਗੇੜਿਆਂ ਨੂੰ ਵੀ ਘਟਾ ਦਿੱਤਾ ਹੈ।

ਸਹਿਮਤੀ-ਆਧਾਰਤ ਈ-ਕੇਵਾਈਸੀ ਸੁਰੱਖਿਆ ਨਾਲ ਮਜ਼ਬੂਤੀ : 'ਈਜ਼ੀ ਰਜਿਸਟਰੀ' ਨੇ ਸਬ-ਰਜਿਸਟਰਾਰ ਪੱਧਰ 'ਤੇ ਸਹਿਮਤੀ-ਆਧਾਰਿਤ ਇਲੈਕਟ੍ਰਾਨਿਕ ਕੇ.ਵਾਈ.ਸੀ. ਵੈਰੀਫਿਕੇਸ਼ਨ ਸ਼ੁਰੂ ਕੀਤੀ ਹੈ। ਸਬੰਧਤ ਧਿਰਾਂ ਦੀ ਸਹਿਮਤੀ ਨਾਲ ਉਨ੍ਹਾਂ ਦੀ ਪਛਾਣ ਇਲੈਕਟ੍ਰਾਨਿਕ ਤਰੀਕੇ ਨਾਲ ਤਸਦੀਕ ਕੀਤੀ ਜਾ ਸਕਦੀ ਹੈ।

ਏਕੀਕ੍ਰਿਤ ਟੋਕਨ ਪ੍ਰਣਾਲੀ ਨੇ ਘਟਾਇਆ ਉਡੀਕ ਸਮਾਂ : ਮੁੰਡੀਆਂ ਨੇ ਕਿਹਾ ਕਿ ਏਕੀਕ੍ਰਿਤ ਟੋਕਨ ਮੈਨੇਜਮੈਂਟ ਸਿਸਟਮ ਉਨ੍ਹਾਂ ਨਾਗਰਿਕਾਂ ਨੂੰ ਪਹਿਲ ਦਿੰਦਾ ਹੈ, ਜਿਨ੍ਹਾਂ ਕੋਲ ਨਿਰਧਾਰਿਤ ਅਪਾਇੰਟਮੈਂਟ ਅਤੇ ਦਸਤਾਵੇਜ਼ ਪੂਰੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਨੇ ਰਜਿਸਟ੍ਰੇਸ਼ਨ ਦਫ਼ਤਰਾਂ ਅੰਦਰ ਉਡੀਕ ਸਮਾਂ ਘਟਾਉਣ ਵਿੱਚ ਮਦਦ ਕੀਤੀ ਹੈ ਅਤੇ ਇਸ ਦੇ ਨਾਲ ਹੀ ਸ਼ਹਿਰੀ ਤੇ ਦਿਹਾਤੀ ਦੋਵਾਂ ਦਫ਼ਤਰਾਂ ਵਿੱਚ ਸੇਵਾਵਾਂ ਨੂੰ ਵਧੇਰੇ ਇਕਸਾਰ ਬਣਾਇਆ ਹੈ। ਲਾਭਪਾਤਰੀਆਂ ਦੀ ਫੀਡਬੈਕ ਅਨੁਸਾਰ ਜ਼ਿਆਦਾਤਰ ਬਿਨੈਕਾਰਾਂ ਨੇ ਆਪਣੀ ਅਪਾਇੰਟਮੈਂਟ ਵਾਲੇ ਦਿਨ ਲਗਭਗ 35 ਮਿੰਟਾਂ ਵਿੱਚ ਆਪਣੀ ਰਜਿਸਟ੍ਰੇਸ਼ਨ ਪੂਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ 93 ਫ਼ੀਸਦੀ ਲਾਭਪਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੀ ਰਜਿਸਟਰੀ ਨਿਰਧਾਰਿਤ ਅਪਾਇੰਟਮੈਂਟ 'ਤੇ ਮੁਕੰਮਲ ਹੋਈ।

ਰਜਿਸਟ੍ਰੇਸ਼ਨ ਦਫ਼ਤਰਾਂ ਨੂੰ ਨਾਗਰਿਕ-ਪੱਖੀ ਬਣਾਇਆ : ਜੁਲਾਈ 2025 ਤੋਂ ਈਜ਼ੀ ਰਜਿਸਟਰੀ ਪ੍ਰਣਾਲੀ ਦੀ ਸ਼ੁਰੂਆਤ ਤੋਂ ਲੈ ਕੇ 8 ਸਤੰਬਰ, 2026 ਤੱਕ ਪੰਜਾਬ ਭਰ ਵਿੱਚ ਕੁੱਲ 9,87,425 ਦਸਤਾਵੇਜ਼ ਰਜਿਸਟਰਡ ਕੀਤੇ ਗਏ, ਜੋ ਸੂਬੇ ਭਰ ਦੇ ਨਾਗਰਿਕਾਂ ਦੁਆਰਾ ਇਸ ਨਵੀਂ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਅਪਣਾਏ ਜਾਣ ਨੂੰ ਦਰਸਾਉਂਦਾ ਹੈ।

ਈਜ਼ੀ ਰਜਿਸਟਰੀ ਪ੍ਰਣਾਲੀ ਮਿਸਾਲੀ ਸ਼ਾਸਨ ਮਾਡਲ ਵਜੋਂ ਉੱਭਰੀ : ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਈਜ਼ੀ ਰਜਿਸਟਰੀ ਦੁਆਰਾ ਲਿਆਂਦੀ ਗਈ ਤਬਦੀਲੀ ਜਾਇਦਾਦ ਦੀ ਰਜਿਸਟ੍ਰੇਸ਼ਨ ਤੋਂ ਅੱਗੇ ਵਧ ਕੇ ਨਾਗਰਿਕਾਂ ਦੀਆਂ ਲੋੜਾਂ ਅਨੁਸਾਰ ਜਨਤਕ ਸੇਵਾਵਾਂ ਨੂੰ ਮੁੜ ਡਿਜ਼ਾਈਨ ਕਰਨ ਲਈ ਇੱਕ ਢਾਂਚਾ ਪ੍ਰਦਾਨ ਕਰਦੀ ਹੈ। ਇਸ ਪਹਿਲਕਦਮੀ ਨੇ ਦਫ਼ਤਰੀ ਬੇਲੋੜੇ ਗੇੜਿਆਂ ਨੂੰ ਡਿਜੀਟਲ ਪ੍ਰਕਿਰਿਆਵਾਂ ਨਾਲ ਬਦਲ ਦਿੱਤਾ ਹੈ, ਜਦਕਿ ਡੀਡ ਸਹਾਇਤਾ ਕਾਊਂਟਰਾਂ ਅਤੇ ਸੇਵਾ ਸਹਾਇਕਾਂ ਰਾਹੀਂ ਲੋੜੀਂਦੀ ਮਨੁੱਖੀ ਸਹਾਇਤਾ ਨੂੰ ਬਰਕਰਾਰ ਰੱਖਿਆ ਹੈ। ਨਿਸ਼ਚਿਤ ਸਮਾਂ ਸੀਮਾਵਾਂ, ਡਿਜੀਟਲ ਰਿਕਾਰਡ, ਸਿੱਧਾ ਸੰਚਾਰ ਤੇ ਸ਼ਿਕਾਇਤ ਨਿਵਾਰਨ ਪ੍ਰਣਾਲੀ ਨਾਲ ਈਜ਼ੀ ਰਜਿਸਟਰੀ ਨੇ ਇੱਕ ਅਜਿਹਾ ਮਾਡਲ ਬਣਾਇਆ ਹੈ ਜਿਸ ਨੂੰ ਹੋਰ ਵਿਭਾਗਾਂ ਵਿੱਚ ਵੀ ਲਾਗੂ ਕੀਤਾ ਜਾ ਸਕਦਾ ਹੈ।

ਸੇਵਾ ਕੇਂਦਰ, ਨੂਰਮਹਿਲ ਦਾ ਹੈਲਪ ਡੈਸਕ ਕਰਮਚਾਰੀ 7,000 ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



ਚੰਡੀਗੜ੍ਹ, 9 ਸਤੰਬਰ (ਚ.ਨ.ਸ.): ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਹੇਸ਼ ਕੁਮਾਰ, ਹੈਲਪ ਡੈਸਕ, ਸੇਵਾ ਕੇਂਦਰ, ਨੂਰਮਹਿਲ, ਜ਼ਿਲ੍ਹਾ ਜਲੰਧਰ ਨੂੰ 7,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਨੂਰਮਹਿਲ, ਜ਼ਿਲ੍ਹਾ ਜਲੰਧਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਦੇ ਰਿਸ਼ਤੇਦਾਰ ਨੇ 24.08.2026 ਨੂੰ ਸੇਵਾ ਕੇਂਦਰ, ਨੂਰਮਹਿਲ ਵਿਖੇ ਮੈਰਿਜ ਸਰਟੀਫਿਕੇਟ ਲਈ ਅਰਜ਼ੀ ਦਿੱਤੀ ਸੀ। ਬਾਅਦ ਵਿੱਚ ਉਹ ਮਹੇਸ਼ ਕੁਮਾਰ, ਹੈਲਪ ਡੈਸਕ, ਸੇਵਾ ਕੇਂਦਰ, ਨੂਰਮਹਿਲ ਨੂੰ ਮਿਲਿਆ ਅਤੇ ਮੈਰਿਜ ਸਰਟੀਫਿਕੇਟ ਜਲਦੀ ਜਾਰੀ ਕਰਨ ਦੀ ਬੇਨਤੀ ਕੀਤੀ। ਮੁਲਜ਼ਮ ਮਹੇਸ਼ ਕੁਮਾਰ ਨੇ ਇਸ ਕੰਮ ਲਈ 7,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਅਤੇ ਕਿਹਾ ਕਿ ਸਰਟੀਫਿਕੇਟ ਦੋ ਦਿਨਾਂ ਦੇ ਅੰਦਰ ਜਾਰੀ ਕਰ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਨਾਲ ਸਬੰਧਤ ਗੱਲਬਾਤ ਰਿਕਾਰਡ ਕਰ ਲਈ।

ਰਿਸ਼ਵਤ ਨਾ ਦੇਣ ਦੇ ਇੱਛੁਕ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਪਹੁੰਚ ਕੀਤੀ। ਉਸ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਮੁਲਜ਼ਮ ਮਹੇਸ਼ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 7,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅੱਗੇ ਦੀ ਜਾਂਚ ਜਾਰੀ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਉਲੀਕੇ ਜਾਣ ਵਾਲੇ ਸੰਘਰਸ਼ ਦਾ ਸਮਰਥਨ ਕਰਾਂਗੇ : ਕਾਲਕਾ, ਕਾਹਲੋਂ

ਨਵੀਂ ਦਿੱਲੀ, 9 ਸਤੰਬਰ (ਅੰਮ੍ਰਿਤਪਾਲ ਸਿੰਘ): ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਚਲ ਰਹੇ ਕੌਮੀ ਇਨਸਾਫ ਮੋਰਚੇ ਵੱਲੋਂ ਸੰਘਰਸ਼ ਦੀ ਜੋ ਵੀ ਰੂਪ ਰੇਖਾ ਉਲੀਕੀ ਜਾਵੇਗੀ, ਉਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਵੱਲੋਂ ਚੰਡੀਗੜ੍ਹ ਕਿਸਾਨ ਭਵਨ ਵਿਖੇ ਕੀਤੀ ਗਈ ਇੱਕ ਅਹਿਮ ਮੀਟਿੰਗ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਨਾਲ ਸ਼ਮੂਲੀਅਤ ਕਰਦਿਆਂ ਕਾਲਕਾ ਨੇ ਕਿਹਾ ਕਿ ਉਹ ਇਸ ਕੌਮੀ ਇਨਸਾਫ ਮੋਰਚੇ ਦੀ ਮੀਟਿੰਗ ਵਿਚ ਪਹਿਲੀ ਵਾਰ ਸ਼ਾਮਲ ਹੋਏ ਹਨ। ਉਹਨਾਂ ਕਿਹਾ ਕਿ ਇਹ ਬਹੁਤ ਹੀ ਚੰਗੀ ਗੱਲ ਹੈ ਕਿ ਕੌਮੀ ਇਨਸਾਫ ਮੋਰਚੇ ਨੇ ਇਸ ਮਾਮਲੇ 'ਤੇ ਮਾਰਚ ਕੱਢਣ ਦੀ ਵਿਉਂਤਬੰਦੀ ਕੀਤੀ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਾਰਚ ਬਾਰੇ ਸਿਰਫ ਪੰਜਾਬ ਦੇ ਕਿਸਾਨਾਂ ਤੇ ਇਸਦੇ ਕਾਰਕੁੰਨਾਂ ਵਿਚ ਪ੍ਰਚਾਰ ਹੋ ਰਿਹਾ ਹੈ ਜਦੋਂ ਕਿ ਦਿੱਲੀ ਵਿਚ ਇਸ ਮਾਮਲੇ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਹ

ਅਮਨ ਅਰੋੜਾ ਨੇ 100-125 ਫ਼ੀਸਦੀ ਐਫ਼.ਸੀ.ਆਈ. ਰਿਟਰਨ, ਫਾਸਟ-ਟਰੈਕ ਪ੍ਰਵਾਨਗੀਆਂ ਨਾਲ ਆਲਮੀ ਨਿਵੇਸ਼ਕਾਂ ਨੂੰ ਪੰਜਾਬ 'ਚ ਨਿਵੇਸ਼ ਦਾ ਦਿੱਤਾ ਸੱਦਾ



ਚੰਡੀਗੜ੍ਹ/ਦੁਬਈ, 9 ਸਤੰਬਰ (ਚ.ਨ.ਸ.): ਪੰਜਾਬ ਨੂੰ ਭਾਰਤ ਦੇ ਅਗਲੇ ਵੱਡੇ ਅਤੇ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਿਆਂ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਅਮਨ ਅਰੋੜਾ ਨੇ ਅੱਜ ਯੂਏਈ ਦੇ ਨਿਵੇਸ਼ਕਾਂ ਤੇ ਵਿਸ਼ਵ ਪੱਧਰੀ ਕਾਰੋਬਾਰੀਆਂ ਨੂੰ ਸੂਬੇ ਵਿੱਚ ਨਿਵੇਸ਼ ਦਾ ਸੱਦਾ ਦਿੱਤਾ। ਉਨ੍ਹਾਂ ਨੇ ਉਦਯੋਗਾਂ ਨੂੰ ਸੂਬੇ ਦੀ ਨਵੀਂ ਉਦਯੋਗਿਕ ਤੇ ਵਪਾਰਕ ਵਿਕਾਸ ਨੀਤੀ-2026 ਤਹਿਤ 100 ਤੋਂ 125 ਫੀਸਦ ਵਿੱਤੀ ਪ੍ਰੋਤਸਾਹਨ, ਫਾਸਟ-ਟਰੈਕ ਪ੍ਰਵਾਨਗੀਆਂ ਤੇ ਸਿੰਗਲ-ਵਿੰਡੋ ਪਲੇਟਫਾਰਮ ਇਨਵੈਸਟ ਪੰਜਾਬ ਰਾਹੀਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਦੁਬਈ ਵਿੱਚ ਸਾਲਾਨਾ ਨਿਵੇਸ਼ ਮੀਟਿੰਗ (ਏਆਈਐਮ) ਦੌਰਾਨ ਨਿਵੇਸ਼ਕਾਂ ਤੇ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਮਜ਼ਬੂਤ ਉਦਯੋਗਿਕ ਬੁਨਿਆਦੀ ਢਾਂਚਾ, ਹੁਨਰਮੰਦ ਨੌਜਵਾਨ, ਸਾਜ਼ਗਾਰ ਉੱਦਮੀ ਈਕੋਸਿਸਟਮ, ਉੱਨਤ ਖੇਤੀਬਾੜੀ, ਰਣਨੀਤਕ ਸੰਪਰਕ ਤੇ ਵਿਆਪਕ ਖ਼ਪਤਕਾਰ ਮਾਰਕੀਟ ਮੌਜੂਦ ਹੈ ਜੋ ਇਸ ਨੂੰ ਯੂਏਈ ਅਤੇ ਵਿਸ਼ਵ ਪੱਧਰੀ ਨਿਵੇਸ਼ਕਾਂ ਲਈ ਇੱਕ ਆਦਰਸ਼ ਸਥਾਨ ਬਣਾਉਂਦਾ ਹੈ।

ਯੂਏਈ ਆਧਾਰਿਤ ਨਿਵੇਸ਼ਕਾਂ, ਵਿਸ਼ਵ ਪੱਧਰੀ ਕਾਰੋਬਾਰੀਆਂ ਅਤੇ ਪੰਜਾਬੀ ਭਾਈਚਾਰੇ ਨੂੰ ਪੰਜਾਬ ਦੇ ਉਦਯੋਗਿਕ ਵਿਕਾਸ ਦੇ ਅਗਲੇ ਪੜਾਅ ਦਾ ਹਿੱਸਾ ਬਣਨ ਦਾ ਸੱਦਾ ਦਿੰਦਿਆਂ ਅਮਨ ਅਰੋੜਾ ਨੇ ਸੂਬੇ ਦੀ ਪ੍ਰਗਤੀਸ਼ੀਲ ਉਦਯੋਗਿਕ ਅਤੇ ਕਾਰੋਬਾਰੀ ਵਿਕਾਸ ਨੀਤੀ 2026 ਨੂੰ ਉਜਾਗਰ ਕੀਤਾ, ਜਿਸ ਵਿੱਚ ਵੱਖ-ਵੱਖ ਨਿਵੇਸ਼ਕ ਸ਼੍ਰੇਣੀਆਂ ਅਤੇ ਤਰਜੀਹੀ ਖੇਤਰਾਂ ਅਤੇ ਪੰਜਾਬ ਵਿੱਚ ਸਿੰਗਲ-ਵਿਨਵੈਸਟ ਸਿਸਟਮ ਰਾਹੀਂ ਪ੍ਰੋਤਸਾਹਨ ਸਬੰਧੀ ਬਿਹਤਰ ਢਾਂਚੇ ਦੀ ਪੇਸ਼ਕਸ਼ ਕੀਤੀ ਗਈ ਹੈ।

ਇਸ ਨੀਤੀ ਤਹਿਤ, ਯੋਗ ਨਿਰਮਾਣ ਇਕਾਈਆਂ ਸਥਿਰ ਫ਼ਿਕਸਡ ਕੈਪੀਟਲ ਇਨਵੈਸਟਮੈਂਟ (ਐਫ.ਸੀ.ਆਈ.) ਦੇ 100 ਫੀਸਦ ਤੱਕ ਵਿੱਤੀ ਪ੍ਰੋਤਸਾਹਨ ਪ੍ਰਾਪਤ ਕਰ ਸਕਦੀਆਂ ਹਨ, ਜਦੋਂ ਕਿ ਤਰਜੀਹੀ ਖੇਤਰਾਂ ਅਤੇ ਸਰਹੱਦੀ ਜ਼ਿਲ੍ਹਿਆਂ ਅਤੇ ਕੰਢੀ ਖੇਤਰਾਂ ਵਿੱਚ ਇਕਾਈਆਂ ਐਫਸੀਆਈ ਦੇ 125 ਫੀਸਦ ਤੱਕ ਪ੍ਰੋਤਸਾਹਨ ਲਈ ਯੋਗ ਹਨ, ਜੋ ਕਿ 500 ਕਰੋੜ ਰੁਪਏ ਦੀ ਕੁੱਲ ਸੀਮਾ ਦੇ ਅਧੀਨ ਹੈ। ਮੁੱਖ ਲਾਭਾਂ ਵਿੱਚ ਯੋਗ ਐਫਸੀਆਈ ਦੇ 20 ਫੀਸਦ ਤੱਕ ਦੀ ਪੂੰਜੀ ਸਬਸਿਡੀ (10 ਕਰੋੜ ਰੁਪਏ ਤੱਕ), ਯੋਗ ਮਿਆਦ ਲਈ ਸ਼ੁੱਧ ਐਸਜੀਐਸਟੀ ਦੀ 75 ਫੀਸਦ ਤੱਕ ਅਦਾਇਗੀ ਅਤੇ ਲਾਗੂ ਸ਼ਰਤਾਂ ਦੇ ਅਧੀਨ, ਯੋਗ ਨਵੀਆਂ ਇਕਾਈਆਂ ਦੇ ਨਾਲ-ਨਾਲ ਵਿਸਥਾਰ ਕਰਨ ਵਾਲੀਆਂ ਮੌਜੂਦਾ ਇਕਾਈਆਂ ਲਈ ਬਿਜਲੀ ਡਿਊਟੀ ਵਿੱਚ 100 ਫੀਸਦ ਛੋਟ ਸ਼ਾਮਲ ਹੈ।

ਇਹ ਨੀਤੀ ਰੁਜ਼ਗਾਰ ਦੇ ਮੌਕੇ ਵੀ ਪ੍ਰਦਾਨ ਕਰ ਰਹੀ ਹੈ ਅਤੇ ਤਰਜੀਹੀ ਤੇ ਉੱਭਰ ਰਹੇ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰ ਰਹੀ ਹੈ, ਜਿਸ ਨਾਲ ਨਿਵੇਸ਼ਕ ਆਪਣੇ ਕਾਰੋਬਾਰ ਅਤੇ ਰੁਜ਼ਗਾਰ ਯੋਜਨਾਵਾਂ ਨਾਲ ਪ੍ਰੋਤਸਾਹਨ ਨੂੰ ਜੋੜ ਸਕਦੇ ਹਨ। ਇਹ ਢਾਂਚਾ ਨਾ ਸਿਰਫ਼ ਨਵੇਂ ਪ੍ਰੋਜੈਕਟਾਂ ਨੂੰ, ਸਗੋਂ ਮੌਜੂਦਾ ਉਦਯੋਗਿਕ ਇਕਾਈਆਂ ਦੇ ਵਿਸਥਾਰ ਅਤੇ ਆਧੁਨਿਕੀਕਰਨ ਸਬੰਧੀ ਵੀ ਲਾਭ ਪ੍ਰਦਾਨ ਕਰਦਾ ਹੈ। ਉਦਯੋਗ ਮੰਤਰੀ ਨੇ ਕਿਹਾ ਕਿ ਇਨਵੈਸਟ ਪੰਜਾਬ ਸੂਬੇ ਦੀ ਨਿਵੇਸ਼ਕ ਸਹੂਲਤ ਰਣਨੀਤੀ ਦਾ ਅਧਾਰ ਹੈ, ਜੋ ਰੈਗੂਲੇਟਰੀ ਪ੍ਰਵਾਨਗੀਆਂ, ਪ੍ਰੋਤਸਾਹਨ ਤੇ ਸਹਾਇਤਾ ਲਈ ਏਕੀਕ੍ਰਿਤ ਪਲੇਟਫਾਰਮ ਪ੍ਰਦਾਨ ਕਰਦਾ ਹੈ। ਇਸ ਡਿਜੀਟਲ ਪਲੇਟਫਾਰਮ ਰਾਹੀਂ, ਨਿਵੇਸ਼ਕ ਅਰਜ਼ੀਆਂ ਜਮ੍ਹਾਂ ਕਰ ਸਕਦੇ ਹਨ, ਰੈਗੂਲੇਟਰੀ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ, ਪ੍ਰਵਾਨਗੀਆਂ ਨੂੰ ਟਰੈਕ ਕਰ ਸਕਦੇ ਹਨ, ਪ੍ਰੋਜੈਕਟ-ਵਿਸ਼ੇਸ਼ ਸਹੂਲਤ ਦੀ ਮੰਗ ਕਰ ਸਕਦੇ ਹਨ ਅਤੇ ਨਿਵੇਸ਼ ਸਬੰਧੀ ਨਿਰੰਤਰ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਜਿਸ ਨਾਲ ਪ੍ਰਕਿਰਿਆਤਮਕ ਦੇਰੀ ਵਿੱਚ ਵੱਡੀ ਕਮੀ ਆਈ ਹੈ ਅਤੇ ਪ੍ਰਵਾਨਗੀਆਂ ਲਈ ਕਈ ਵਿਭਾਗਾਂ ਤੱਕ ਪਹੁੰਚ ਕਰਨ ਦੀ ਜ਼ਰੂਰਤ ਖ਼ਤਮ ਹੋ ਗਈ ਹੈ।

ਉਨ੍ਹਾਂ ਅੰਮ੍ਰਿਤਸਰ-ਕੋਲਕਾਤਾ ਉਦਯੋਗਿਕ ਕੋਰੀਡੋਰ (ਏਕੇਆਈਸੀ) 'ਤੇ ਰਾਜਪੁਰਾ ਵਿਖੇ ਬਣਾਏ ਜਾਣ ਵਾਲੇ 1,100 ਏਕੜ ਦੇ ਏਕੀਕ੍ਰਿਤ ਨਿਰਮਾਣ ਕਲੱਸਟਰ ਨੂੰ ਨਿਰਮਾਣ ਅਤੇ ਸਹਾਇਕ ਉਦਯੋਗਾਂ ਲਈ ਇੱਕ ਪ੍ਰਮੁੱਖ ਮੌਕੇ ਵਜੋਂ ਉਜਾਗਰ ਕੀਤਾ। ਇਹ ਪ੍ਰੋਜੈਕਟ ਮਹੱਤਵਪੂਰਨ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਨਾਲ ਨਾਲ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰੇਗਾ। ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਯੂਏਈ ਦੇ ਵਿਸ਼ਵ ਵਿਆਪੀ ਨਿਵੇਸ਼ ਨੈਟਵਰਕ ਅਤੇ ਨਿਰਮਾਣ, ਖੇਤੀਬਾੜੀ, ਫੂਡ ਪ੍ਰੋਸੈਸਿੰਗ, ਤਕਨਾਲੋਜੀ ਤੇ ਮਨੁੱਖੀ ਵਸੀਲਿਆਂ ਵਿੱਚ ਪੰਜਾਬ ਦੀਆਂ ਸਮਰੱਥਾਵਾਂ ਦਾ ਲਾਭ ਉਠਾਉਂਦੇ ਹੋਏ ਯੂਏਈ ਨਾਲ ਲੰਬੇ ਸਮੇਂ ਦੀ ਭਾਈਵਾਲੀ ਬਣਾਉਣ ਲਈ ਵਚਨਬੱਧ ਹੈ।

ਮਾਨ ਵੱਲੋਂ ਫ਼ਸਲੀ ਰਹਿੰਦ-ਖੂੰਹਦ ਦੇ ਸਥਾਈ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਸੀ.ਆਈ.ਆਈ. ਨਾਲ ਮਿਲ ਕੇ ਕੰਮ ਕਰਨ ਦੀ ਵਕਾਲਤ

ਸਾਡੀ ਸਰਕਾਰ ਪੰਜਾਬ ਨੂੰ ਦੇਸ਼ ਦਾ ਮੋਹਰੀ ਉਦਯੋਗਿਕ ਕੇਂਦਰ ਬਣਾਉਣ ਤੇ ਕਾਰੋਬਾਰਾਂ ਲਈ ਅਨੁਕੂਲ ਮਾਹੌਲ ਸਿਰਜਣ ਲਈ ਵਚਨਬੱਧ : ਮੁੱਖ ਮੰਤਰੀ



ਚੰਡੀਗੜ੍ਹ, 9 ਸਤੰਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਫਸਲੀ ਰਹਿੰਦ-ਖੂੰਹਦ ਦੇ ਸਥਾਈ ਪ੍ਰਬੰਧਨ ਨੂੰ ਉਤਸਾਹਿਤ ਕਰਨ, ਗਿਆਨ ਤੇ ਤਕਨਾਲੋਜੀ ਦੇ ਆਦਾਨ-ਪ੍ਰਦਾਨ ਰਾਹੀਂ ਬਾਗਬਾਨੀ ਨੂੰ ਮਜਬੂਤ ਕਰਨ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਣ ਲਈ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਵਾਸਤੇ ਕਨਫੈਡਰੇਸਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਸੀ.ਆਈ.ਆਈ. ਦੇ ਵਫਦ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਸਰੋਤ ਦੀ ਸੁਚੱਜੀ ਵਰਤੋਂ, ਜਲਵਾਯੂ ਪਰਿਵਰਤਨ ਨਾਲ ਨਜਿੱਠਣ ਤੇ ਸਾਫ-ਸੁਥਰੀ ਤਕਨਾਲੋਜੀ 'ਤੇ ਜੋਰ ਦਿੱਤਾ। ਉਨ੍ਹਾਂ ਮਾਲਵਾ ਖੇਤਰ, ਖਾਸ ਕਰਕੇ ਸੰਗਰੂਰ ਤੇ ਬਰਨਾਲਾ ਵਿੱਚ ਸ਼ੁਰੂ ਕੀਤੀਆਂ ਪਹਿਲਕਦਮੀਆਂ ਦੇ ਨਾਲ-ਨਾਲ ਲੁਧਿਆਣਾ ਵਿੱਚ ਪ੍ਰਸਤਾਵਿਤ ਮਲਟੀ-ਸਕਿੱਲ ਟ੍ਰੇਨਿੰਗ ਇੰਸਟੀਚਿਊਟ ਤੇ ਜਲੰਧਰ 'ਚ ਇੱਕ ਅਤਿ-ਆਧੁਨਿਕ ਲੈਬਾਰਟਰੀ ਵਾਲਾ ਸੈਂਟਰ ਆਫ ਐਕਸੀਲੈਂਸ ਫਾਰ ਟੈਕਨੀਕਲ ਟੈਕਸਟਾਈਲਜ ਤਿਆਰ ਕਰਨ ਸਮੇਤ ਨਵੀਆਂ ਹੁਨਰ ਨਿਰਮਾਣ ਅਤੇ ਤਕਨਾਲੋਜੀ ਅਧਾਰਤ ਪਹਿਲਕਦਮੀਆਂ ਬਾਰੇ ਗੱਲਬਾਤ ਕੀਤੀ। ਇਸ ਮੀਟਿੰਗ ਬਾਰੇ ਕੁਝ ਜਾਣਕਾਰੀ ਸਾਂਝੀ ਕਰਦਿਆਂ ਮਾਨ ਨੇ ਐਕਸ ਅਕਾਊਂਟ 'ਤੇ ਕਿਹਾ, "ਅੱਜ, ਮੇਰੀ ਚੰਡੀਗੜ੍ਹ ਵਿੱਚ ਸੀ.ਆਈ.ਆਈ. ਉੱਤਰੀ ਖੇਤਰ ਦੇ ਚੇਅਰਮੈਨ ਨਾਲ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਅਸੀਂ ਪੰਜਾਬ ਵਿੱਚ ਉਦਯੋਗਿਕ ਵਿਕਾਸ, ਨਵੇਂ ਨਿਵੇਸਾਂ ਨੂੰ ਆਕਰਸ਼ਿਤ ਕਰਨ ਤੇ ਨੌਜਵਾਨਾਂ ਲਈ ਰੋਜਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਬਾਰੇ ਵਿਆਪਕ ਚਰਚਾ ਕੀਤੀ। ਸਾਡੀ ਸਰਕਾਰ ਪੰਜਾਬ ਨੂੰ ਦੇਸ ਦਾ ਮੋਹਰੀ ਉਦਯੋਗਿਕ ਕੇਂਦਰ ਬਣਾਉਣ ਅਤੇ ਕਾਰੋਬਾਰਾਂ ਲਈ ਅਨੁਕੂਲ ਮਾਹੌਲ ਸਿਰਜਣ ਵਾਸਤੇ ਲਗਾਤਾਰ ਕੰਮ ਕਰ ਰਹੀ ਹੈ। ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।"

ਸੀ.ਆਈ.ਆਈ. ਦੇ ਵਫਦ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਵਾਤਾਵਰਣ ਪ੍ਰਦੂਸਣ ਨੂੰ ਰੋਕਣ ਲਈ ਪੰਜਾਬ ਸਰਕਾਰ ਅਤੇ ਸੀ.ਆਈ.ਆਈ. ਦਾ ਮਿਲ ਕੇ ਕੰਮ ਕਰਨਾ ਬੇਹੱਦ ਜਰੂਰੀ ਹੈ। ਸਾਡਾ ਧਿਆਨ ਸਥਿਰਤਾ, ਸਰੋਤ ਦੀ ਸੁਚੱਜੀ ਵਰਤੋਂ, ਜਲਵਾਯੂ ਪਰਿਵਰਤਨ ਨਾਲ ਨਜਿੱਠਣ ਅਤੇ ਸਾਫ-ਸੁਥਰੀ ਤਕਨਾਲੋਜੀ 'ਤੇ ਹੋਣਾ ਚਾਹੀਦਾ ਹੈ, ਜਿਸ ਨਾਲ ਇੱਕ ਪਾਸੇ ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਦੂਜੇ ਪਾਸੇ ਪੰਜਾਬ ਨੂੰ ਸਾਫ-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸਣ ਰਹਿਤ ਬਣਾਇਆ ਜਾਵੇਗਾ।" ਮੁੱਖ ਮੰਤਰੀ ਨੇ ਸੀ.ਆਈ.ਆਈ. ਨੂੰ ਮਾਲਵਾ ਖੇਤਰ, ਵਿਸ਼ੇਸ਼ ਤੌਰ 'ਤੇ ਸੰਗਰੂਰ ਅਤੇ ਬਰਨਾਲਾ, ਜਿੱਥੇ ਝੋਨੇ ਦੀ ਪਰਮਲ ਕਿਸਮ ਦੀ ਖੇਤੀ ਹੁੰਦੀ ਹੈ, ਤੋਂ ਇਲਾਵਾ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਵੀ ਫਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਦੇ ਯਤਨਾਂ ਨੂੰ ਵਧਾਉਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਸੀ.ਆਈ.ਆਈ. ਐਗਰੋ ਟੈਕ ਇੰਡੀਆ 2026 ਦੌਰਾਨ 'ਵਰਲਡ ਹੌਰਟੀਕਲਚਰ ਸੈਂਟਰ' ਦੇ ਭਾਰਤ ਦੌਰੇ ਨੂੰ ਸੁਚਾਰੂ ਬਣਾਉਣ ਲਈ ਸੀ.ਆਈ.ਆਈ. ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਅੱਗੇ ਕਿਹਾ, "ਖੇਤੀਬਾੜੀ ਅਤੇ ਉਦਯੋਗਿਕ ਦੋਵਾਂ ਖੇਤਰਾਂ ਵਿੱਚ ਗਿਆਨ ਅਤੇ ਮੁਹਾਰਤ ਦੇ ਆਦਾਨ-ਪ੍ਰਦਾਨ ਰਾਹੀਂ ਪੰਜਾਬ ਨੂੰ ਅਜਿਹੇ ਦੌਰਿਆਂ ਤੋਂ ਬਹੁਤ ਲਾਭ ਹੋਵੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਬਾਗਬਾਨੀ ਖੇਤਰ ਨੂੰ ਮਜਬੂਤ ਕਰਨ ਤੇ ਸੂਬੇ ਦੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਗਿਆਨ ਦੇ ਆਦਾਨ-ਪ੍ਰਦਾਨ ਤੇ ਤਕਨਾਲੋਜੀ ਸਹਿਯੋਗ 'ਤੇ ਹੋਰ ਜੋਰ ਦਿੱਤਾ। ਭਗਵੰਤ ਸਿੰਘ ਮਾਨ ਨੇ ਲੁਧਿਆਣਾ ਵਿੱਚ ਪ੍ਰਸਤਾਵਿਤ ਮਲਟੀ-ਸਕਿੱਲ ਟ੍ਰੇਨਿੰਗ ਇੰਸਟੀਚਿਊਟ (ਐਮ.ਐਸ.ਟੀ.ਆਈ.) ਸਥਾਪਿਤ ਕਰਨ ਲਈ ਸੀ.ਆਈ.ਆਈ. ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਕਿਹਾ ਕਿ ਅਜਿਹੀ ਪਹਿਲਕਦਮੀ ਸਮੇਂ ਦੀ ਮੁੱਖ ਲੋੜ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੀ.ਆਈ.ਆਈ. ਨੂੰ ਜਲੰਧਰ ਵਿੱਚ ਇੱਕ ਅਲਟਰਾ-ਮਾਡਰਨ ਲੈਬਾਰਟਰੀ ਦੇ ਨਾਲ ਪੰਜਾਬ ਵਿੱਚ 'ਸੈਂਟਰ ਆਫ ਐਕਸੀਲੈਂਸ ਫਾਰ ਟੈਕਨੀਕਲ ਟੈਕਸਟਾਈਲ' ਸਥਾਪਿਤ ਕਰਨ ਦੀ ਸੰਭਾਵਨਾ ਬਾਰੇ ਪਤਾ ਲਗਾਉਣਾ ਚਾਹੀਦਾ ਹੈ। ਇਸ ਮੀਟਿੰਗ ਦੌਰਾਨ ਖੇਤੀਬਾੜੀ, ਫਸਲੀ ਰਹਿੰਦ-ਖੂੰਹਦ ਪ੍ਰਬੰਧਨ, ਬਾਗਬਾਨੀ, ਬੁਨਿਆਦੀ ਢਾਂਚਾ, ਹੁਨਰ ਵਿਕਾਸ ਅਤੇ ਉੱਭਰ ਰਹੇ ਖੇਤਰਾਂ ਵਿੱਚ ਸਰਕਾਰ-ਉਦਯੋਗ ਸਹਿਯੋਗ ਨੂੰ ਹੋਰ ਮਜਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ, ਜਿਸ ਦਾ ਸਾਂਝਾ ਉਦੇਸ਼ ਟਿਕਾਊ ਵਿਕਾਸ ਨੂੰ ਹੁਲਾਰਾ ਦੇਣਾ ਅਤੇ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨਾ ਸੀ।

ਡਾ. ਬਲਜੀਤ ਕੌਰ ਨੇ ਬਾਲ ਸੰਭਾਲ ਸੰਸਥਾਵਾਂ ਦੀਆਂ ਬੱਚੀਆਂ ਨਾਲ ਮਨਾਈ ਤੀਜ ਤੇ ਰੱਖੜੀ



ਚੰਡੀਗੜ੍ਹ, 9 ਸਤੰਬਰ (ਅੰਮ੍ਰਿਤਪਾਲ ਸਿੰਘ): ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਅੱਜ ਉਸ ਵੇਲੇ ਆਪਣੇ ਪੂਰੇ ਰੰਗਾਂ ਵਿੱਚ ਖਿੜ ਉੱਠੀ, ਜਦੋਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੂਬੇ ਭਰ ਦੀਆਂ ਬਾਲ ਸੰਭਾਲ ਸੰਸਥਾਵਾਂ ਦੀਆਂ ਬੱਚੀਆਂ ਤੇ ਨਵਜੀਵਨੀ ਇੰਸਟੀਚਿਊਟ ਆਫ ਸਪੈਸ਼ਲ ਐਜੂਕੇਸ਼ਨ ਤੇ ਰਿਸਰਚ ਪਟਿਆਲਾ ਦੀਆਂ ਵਿਸ਼ੇਸ਼ ਯੋਗਤਾ ਵਾਲੀਆਂ ਬੱਚੀਆਂ ਲਈ "ਤੀਜ ਤੇ ਰੱਖੜੀ-ਸਹੇਲੀਆਂ ਦਾ ਸਮਾਗਮ" ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਬੱਚੀਆਂ ਨਾਲ ਮਿਲ ਕੇ ਤੀਜ ਤੇ ਰੱਖੜੀ ਦੇ ਪਵਿੱਤਰ ਤਿਉਹਾਰ ਮਨਾਏ ਅਤੇ ਪਿਆਰ, ਸਾਂਝ, ਸਨਮਾਨ ਅਤੇ ਨਾਰੀ ਸ਼ਕਤੀ ਦਾ ਸੰਦੇਸ਼ ਦਿੱਤਾ। ਸਮਾਗਮ ਦੀ ਭਰਪੂਰ ਸ਼ਲਾਘਾ ਕਰਦਿਆਂ ਡਾ. ਬਲਜੀਤ ਕੌਰ ਨੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਡਾਇਰੈਕਟਰ ਡਾ. ਸ਼ੇਨਾ ਅਗਰਵਾਲ ਤੇ ਸਮੁੱਚੀ ਟੀਮ ਨੂੰ ਅਜਿਹਾ ਅਰਥਪੂਰਨ ਤੇ ਪ੍ਰੇਰਨਾਦਾਇਕ ਪ੍ਰੋਗਰਾਮ ਉਲੀਕਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਾਨ ਲਿਆਉਂਦੇ ਹਨ, ਸਗੋਂ ਉਨ੍ਹਾਂ ਦੇ ਮਨਾਂ ਵਿੱਚ ਆਤਮ-ਵਿਸ਼ਵਾਸ, ਅਪਣੱਤ ਤੇ ਉਮੀਦ ਦੀ ਨਵੀਂ ਰੌਸ਼ਨੀ ਵੀ ਜਗਾਉਂਦੇ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ, "ਤੀਜ ਦੀ ਖੁਸ਼ੀ, ਰੱਖੜੀ ਦਾ ਪਿਆਰ, ਨਾਰੀ ਸਾਡੀ ਸ਼ਾਨ-ਸੁਰੱਖਿਆ ਦੀ ਪਹਿਰੇਦਾਰ। ਆਓ ਹਰ ਧੀ ਦਾ ਸਨਮਾਨ ਕਰੀਏ, ਉਸ ਨੂੰ ਸਮਰੱਥ ਬਣਾਈਏ ਅਤੇ ਉਸ ਦੇ ਸੁਨਹਿਰੇ ਭਵਿੱਖ ਦੀ ਸਾਂਝੀ ਜ਼ਿੰਮੇਵਾਰੀ ਨਿਭਾਈਏ।"

ਔਰਤਾਂ ਸਿਰਫ਼ ਸੁਰੱਖਿਆ ਦੀ ਹੱਕਦਾਰ ਹੀ ਨਹੀਂ, ਸਗੋਂ ਆਪਣੇ ਪਰਿਵਾਰਾਂ ਤੇ ਸਮਾਜ ਦੀਆਂ ਸੱਚੀਆਂ ਰਾਖੀਆਂ ਵੀ ਹਨ। ਬਾਲ ਸੰਭਾਲ ਸੰਸਥਾਵਾਂ ਤੇ ਨਵਜੀਵਨੀ ਇੰਸਟੀਚਿਊਟ ਆਫ ਸਪੈਸ਼ਲ ਐਜੂਕੇਸ਼ਨ ਤੇ ਰਿਸਰਚ ਪਟਿਆਲਾ ਦੀਆਂ ਵਿਸ਼ੇਸ਼ ਯੋਗਤਾ ਵਾਲੀਆਂ ਬੱਚੀਆਂ ਦੀ ਸ਼ਮੂਲੀਅਤ ਦਾ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਇਹ ਸਮਾਗਮ ਉਨ੍ਹਾਂ ਦੇ ਅੰਦਰ ਲੁਕੀ ਹੋਈ ਪ੍ਰਤਿਭਾ ਨੂੰ ਮੰਚ ਪ੍ਰਦ

ਸੰਪਾਦਕੀ

ਸੰਵੇਦਨਸ਼ੀਲਤਾ ਉੱਤੇ ਸਵਾਲ

ਜੇਕਰ ਕਿਸੇ ਵੀ ਸਮਾਜ ਜਾਂ ਦੇਸ਼ ਵਿੱਚ ਬਜ਼ੁਰਗਾਂ ਦਾ ਜੀਵਨ ਮੁਸ਼ਕਲਾਂ ਅਤੇ ਚੁਣੌਤੀਆਂ ਨਾਲ ਭਰਿਆ ਹੁੰਦਾ ਹੈ, ਤਾਂ ਇਹ ਨਾ ਸਿਰਫ਼ ਉੱਥੇ ਚੱਲ ਰਹੇ ਭਲਾਈ ਪ੍ਰੋਗਰਾਮਾਂ ਦੀ ਅਸਫਲਤਾ ਨੂੰ ਦਰਸਾਉਂਦਾ ਹੈ, ਸਗੋਂ ਸਮਾਜਿਕ ਸੰਵੇਦਨਸ਼ੀਲਤਾ ਬਾਰੇ ਵੀ ਸਵਾਲ ਖੜ੍ਹੇ ਕਰਦਾ ਹੈ। ਇਹ ਇਸ ਤੱਥ ਤੋਂ ਦੇਖਿਆ ਜਾ ਸਕਦਾ ਹੈ ਕਿ ਜਦੋਂ ਬਜ਼ੁਰਗਾਂ ਨੂੰ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਅਣਗੌਲਿਆ ਕੀਤਾ ਜਾਂਦਾ ਹੈ, ਨੂੰ ਬਿਰਧ ਆਸ਼ਰਮਾਂ ਵਿੱਚ ਭੇਜਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਉੱਥੇ ਵੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਿਰਧ ਆਸ਼ਰਮਾਂ ਵਿੱਚ ਵੀ, ਉਨ੍ਹਾਂ ਦੀ ਦੇਖਭਾਲ ਪ੍ਰਤੀ ਦਿਖਾਈ ਗਈ ਅਣਗਹਿਲੀ ਅਤੇ ਉਦਾਸੀਨਤਾ, ਸਮਾਜ ਦੇ ਬਜ਼ੁਰਗਾਂ ਪ੍ਰਤੀ ਰਵੱਈਏ ਵਿੱਚ ਆਈ ਗਿਰਾਵਟ ਦਾ ਪ੍ਰਮਾਣ ਹੈ। ਸ਼ਾਇਦ ਇਸੇ ਲਈ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸਾਰੇ ਰਾਜਾਂ ਨੂੰ ਬਿਰਧ ਆਸ਼ਰਮਾਂ ਦੀ ਸਥਾਪਨਾ ਅਤੇ ਬਜ਼ੁਰਗ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਸਥਿਤੀ ਬਾਰੇ ਇੱਕ ਨਵੀਂ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਸੁਪਰੀਮ ਕੋਰਟ ਅਸਲ ਵਿੱਚ ਲਗਭਗ ਦਸ ਸਾਲ ਪਹਿਲਾਂ ਦਾਇਰ ਇੱਕ ਜਨਹਿਤ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਬਜ਼ੁਰਗਾਂ ਦੀ ਭਲਾਈ ਅਤੇ ਸੁਰੱਖਿਆ ਲਈ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਬੇਨਤੀ ਕੀਤੀ ਗਈ ਸੀ। ਮੰਨਿਆ ਜਾਂਦਾ ਹੈ ਕਿ ਬਜ਼ੁਰਗ, ਭਾਰਤੀ ਸਮਾਜ ਵਿੱਚ ਇੱਕ ਬਹੁਤ ਹੀ ਸਤਿਕਾਰਯੋਗ ਸਥਾਨ ਰੱਖਦੇ ਹਨ। ਜ਼ਿਆਦਾਤਰ ਪਰਿਵਾਰਾਂ ਵਿੱਚ, ਉਨ੍ਹਾਂ ਦੀ ਘੱਟ ਜਾਂ ਘੱਟ ਚੰਗੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ ਤਾਂ ਜੋ ਉਹ ਇੱਕ ਸੰਤੁਸ਼ਟੀਜਨਕ ਜੀਵਨ ਜੀ ਸਕਣ। ਹਾਲਾਂਕਿ, ਕੁਝ ਲੋਕ ਹਨ ਜੋ ਪਰਿਵਾਰ ਵਿੱਚ ਬਜ਼ੁਰਗਾਂ ਦੀ ਖੁਸ਼ੀ ਅਤੇ ਸਿਹਤ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਜੇਕਰ ਬਹੁਤ ਸਾਰੇ ਬਜ਼ੁਰਗ ਲੋਕ ਲੰਬੀ ਉਮਰ ਜਿਊਣ ਦੇ ਯੋਗ ਹੁੰਦੇ ਹਨ ਜਾਂ ਆਪਣੇ ਆਖਰੀ ਦਿਨ ਖੁਸ਼ੀ ਅਤੇ ਸੰਤੁਸ਼ਟੀ ਨਾਲ ਬਿਤਾਉਂਦੇ ਹਨ, ਤਾਂ ਉਨ੍ਹਾਂ ਦੇ ਬੱਚੇ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ, ਅਜਿਹੇ ਲੋਕ ਵੀ ਹਨ ਜੋ ਆਪਣੇ ਮਾਪਿਆਂ ਜਾਂ ਪਰਿਵਾਰ ਦੇ ਕਿਸੇ ਹੋਰ ਬਜ਼ੁਰਗ ਮੈਂਬਰ ਨੂੰ ਬੋਝ ਸਮਝਦੇ ਹਨ। ਬਹੁਤ ਸਾਰੇ ਜੋੜੇ ਆਪਣੇ ਆਰਾਮਦਾਇਕ ਜੀਵਨ ਵਿੱਚ ਦਖਲਅੰਦਾਜ਼ੀ ਤੋਂ ਬਚਣ ਲਈ ਆਪਣੇ ਮਾਪਿਆਂ ਤੋਂ ਵੱਖ ਰਹਿੰਦੇ ਹਨ। ਅਜਿਹੇ ਲੋਕ ਭੁੱਲ ਜਾਂਦੇ ਹਨ ਕਿ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਜਨਮ ਦੇਣ ਤੋਂ ਲੈ ਕੇ ਉਨ੍ਹਾਂ ਦੀ ਪਰਵਰਿਸ਼ ਕਰਨ ਅਤੇ ਉਨ੍ਹਾਂ ਨੂੰ ਸਵੈ-ਨਿਰਭਰ ਬਣਾਉਣ ਤੱਕ, ਆਪਣੀਆਂ ਸਾਰੀਆਂ ਸੁੱਖ-ਸਹੂਲਤਾਂ ਕੁਰਬਾਨ ਕਰ ਦਿੱਤੀਆਂ ਹਨ। ਇਸ ਦੇ ਬਾਵਜੂਦ, ਇਹ ਅਜਿਹਾ ਕਿਉਂ ਹੁੰਦਾ ਹੈ ਕਿ ਜਿਵੇਂ ਹੀ ਉਹ ਇੱਕ ਸੁਰੱਖਿਅਤ ਸਥਿਤੀ 'ਤੇ ਪਹੁੰਚਦੇ ਹਨ, ਕੁਝ ਲੋਕ ਆਪਣੇ ਮਾਪਿਆਂ ਨੂੰ ਆਪਣਾ ਪਾਲਣ-ਪੋਸ਼ਣ ਕਰਨ ਲਈ ਛੱਡ ਦਿੰਦੇ ਹਨ? ਬਿਮਾਰੀ ਕਾਰਨ ਹੋਣ ਵਾਲੇ ਦਰਦ ਅਤੇ ਬੱਚਿਆਂ ਦੀ ਹਮਦਰਦੀ ਦੀ ਭੁੱਖ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਬਹੁਤ ਸਾਰੇ ਪਰਿਵਾਰ, ਘਰ ਵਿੱਚ ਆਪਣੇ ਬਜ਼ੁਰਗਾਂ ਦੀ ਅਣਦੇਖੀ ਕਰਨ ਜਾਂ ਉਨ੍ਹਾਂ ਦੀ ਦੇਖਭਾਲ ਨਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਦੇ ਹਨ, ਜਿੱਥੇ ਉਹ ਆਪਣੀ ਬਾਕੀ ਦੀ ਜ਼ਿੰਦਗੀ ਅਸ਼ਾਂਤੀ ਦੀ ਸਥਿਤੀ ਵਿੱਚ ਬਿਤਾਉਂਦੇ ਹਨ। ਇਸ ਸੰਦਰਭ ਵਿੱਚ, ਕਾਨੂੰਨੀ ਜ਼ਰੂਰਤਾਂ ਨੂੰ ਵੀ ਜ਼ਰੂਰੀ ਨਹੀਂ ਮੰਨਿਆ ਜਾਂਦਾ ਹੈ ਜੋ ਬੱਚਿਆਂ ਨੂੰ ਆਪਣੇ ਮਾਪਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਲਈ ਕੁਝ ਜ਼ਿੰਮੇਵਾਰੀਆਂ ਸੌਂਪਦੀਆਂ ਹਨ। ਇਹ ਸ਼ਾਇਦ ਇਸ ਲਈ ਹੈ ਕਿਉਂਕਿ ਬਹੁਤ ਘੱਟ ਮਾਪੇ ਆਪਣੇ ਅਸੰਵੇਦਨਸ਼ੀਲ ਬੱਚਿਆਂ ਨੂੰ ਉਨ੍ਹਾਂ ਦੀ ਦੇਖਭਾਲ ਦੇ ਅਧਿਕਾਰ ਦੀ ਮੰਗ ਕਰਨ ਲਈ ਅਦਾਲਤ ਵਿੱਚ ਲੈ ਜਾਂਦੇ ਹਨ। ਸਰਕਾਰੀ ਭਲਾਈ ਪ੍ਰੋਗਰਾਮਾਂ ਦੀ ਹਾਲਤ ਅਜਿਹੀ ਹੈ ਕਿ ਭਾਵੇਂ ਬੁਢਾਪਾ ਪੈਨਸ਼ਨਾਂ ਜਾਂ ਹੋਰ ਸਹਾਇਤਾ ਪ੍ਰਦਾਨ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਬਜ਼ੁਰਗਾਂ ਨੂੰ ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਅਸਲ ਲਾਭਾਂ ਦਾ ਮੁਲਾਂਕਣ ਕਰਨ ਦੀ ਕੋਈ ਲੋੜ ਨਹੀਂ ਹੈ। ਬਿਰਧ ਆਸ਼ਰਮ ਨਿਸ਼ਚਤ ਤੌਰ 'ਤੇ ਉਨ੍ਹਾਂ ਬਜ਼ੁਰਗ ਪਰਿਵਾਰਾਂ ਲਈ ਇੱਕ ਵਿਕਲਪ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਪਰ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਉੱਥੇ ਹਮਦਰਦੀ, ਸੁਰੱਖਿਆ ਅਤੇ ਸਤਿਕਾਰਯੋਗ ਮਾਹੌਲ ਨੂੰ ਯਕੀਨੀ ਬਣਾਏ।

-ਜਗਜੀਤ ਸਿੰਘ ਦਰਦੀ

ਪੰਜਾਬ ਦੀ ਧਰਤੀ ਸਾਂਝੀਵਾਲਤਾ ਦੀ ਪ्रतीक

ਸੂਬੇ ਦੀ ਪਹਿਚਾਣ ਵੋਟਾਂ ਦੀ ਸ਼ਤਰੰਜ ਨਾਲ ਨਹੀਂ ਬਿਖਰੇਗੀ



ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ
94787-30156

ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ, ਜਿੱਥੇ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਆਹਟ ਹੌਲੀ-ਹੌਲੀ ਤੇਜ਼ ਹੋ ਰਹੀ ਹੈ, ਸਿਆਸੀ ਪਾਰਟੀਆਂ ਆਪਣੇ-ਆਪਣੇ ਮੋਹਰੇ ਅੱਗੇ ਵਧਾ ਰਹੀਆਂ ਹਨ ਅਤੇ ਵੋਟਾਂ ਦੀ ਗਣਿਤ ਨੂੰ ਲੈ ਕੇ ਨਵੀਆਂ ਰਣਨੀਤੀਆਂ ਬਣ ਰਹੀਆਂ ਹਨ ਪਰ ਇਸ ਸਿਆਸੀ ਸ਼ਤਰੰਜ ਦੇ ਵਿਚਕਾਰ ਇੱਕ ਸਵਾਲ ਪੰਜਾਬ ਦੇ ਹਰ ਜ਼ਿੰਮੇਵਾਰ ਨਾਗਰਿਕ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ—ਕੀ ਸੱਤਾ ਹਾਸਲ ਕਰਨ ਦੀ ਲੜਾਈ ਵਿੱਚ ਪੰਜਾਬ ਦੀ ਸਾਂਝੀਵਾਲਤਾ ਨੂੰ ਮੋਹਰਾ ਬਣਾਇਆ ਜਾਵੇਗਾ? ਅੱਜ ਪੰਜਾਬ ਦੀ ਰਾਜਨੀਤੀ ਵਿੱਚ ਮੁਕਾਬਲਾ ਹੋਵੇ, ਤਿੱਖਾ ਮੁਕਾਬਲਾ ਹੋਵੇ, ਸਰਕਾਰ ਦੇ ਕੰਮਾਂ ਦਾ ਹਿਸਾਬ ਮੰਗਿਆ ਜਾਵੇ, ਵਿਰੋਧੀ ਪਾਰਟੀਆਂ ਇੱਕ-ਦੂਜੇ ਨੂੰ ਘੇਰਨ—ਇਹ ਲੋਕਤੰਤਰ ਦੀ ਖੂਬਸੂਰਤੀ ਹੈ। ਪਰ ਜੇ ਵੋਟਾਂ ਦੀ ਸ਼ਤਰੰਜ ਵਿੱਚ ਧਰਮ, ਜਾਤੀ, ਭਾਈਚਾਰਾ, ਇਤਿਹਾਸਕ ਜਜ਼ਬਾਤ ਅਤੇ ਸਮਾਜਕ ਦਰਾਰਾਂ ਨੂੰ ਮੋਹਰੇ ਵਾਂਗ ਵਰਤਣ ਦੀ ਕੋਸ਼ਿਸ਼ ਹੋਵੇ ਤਾਂ ਇਹ ਸਿਰਫ਼ ਚੋਣੀ ਰਣਨੀਤੀ ਨਹੀਂ ਰਹਿੰਦੀ ਹੈ ਤੇ ਇਹ ਪੰਜਾਬ ਦੇ ਭਵਿੱਖ ਨਾਲ ਖੇਡ ਬਣ ਜਾਂਦੀ ਹੈ। ਅੱਜ ਪੰਜਾਬ ਦੀ ਪਹਿਚਾਣ ਨੂੰ ਸਮਝਣ ਲਈ ਸਿਰਫ਼ ਇਸ ਦੇ ਨਕਸ਼ੇ ਵੱਲ ਵੇਖਣਾ ਕਾਫ਼ੀ ਨਹੀਂ। ਪੰਜਾਬ ਦੀ ਅਸਲ ਪਹਿਚਾਣ ਇਸ ਦੇ ਲੋਕਾਂ ਦੇ ਆਪਸੀ ਰਿਸ਼ਤਿਆਂ ਵਿੱਚ ਹੈ। ਇਹ ਉਹ ਧਰਤੀ ਹੈ ਜਿੱਥੇ ਦੁੱਖ ਵੇਲੇ ਗੁਆਂਢੀ ਦਾ ਧਰਮ ਨਹੀਂ ਪੁੱਛਿਆ ਜਾਂਦਾ, ਹੜ੍ਹ ਆਉਣ ਵੇਲੇ ਮਦਦ ਕਰਨ ਵਾਲੇ ਹੱਥ ਦੀ ਜਾਤ ਨਹੀਂ ਪੁੱਛੀ ਜਾਂਦੀ, ਲੰਗਰ ਵਿੱਚ ਬੈਠਣ ਵਾਲੇ ਦੀ ਪਹਿਚਾਣ ਨਹੀਂ ਪੁੱਛੀ ਜਾਂਦੀ ਅਤੇ ਮੁਸੀਬਤ ਦੇ ਸਮੇਂ ਮਨੁੱਖ ਪਹਿਲਾਂ ਮਨੁੱਖ ਹੁੰਦਾ ਹੈ। ਇਹ ਸਾਂਝੀਵਾਲਤਾ ਕੋਈ ਨਵੀਂ ਰਾਜਨੀਤਿਕ ਖੋਜ ਨਹੀਂ ਹੈ।ਇਹ ਪੰਜਾਬ ਦੀ ਸਦੀਆਂ ਪੁਰਾਣੀ ਜੀਵਨ-ਪ੍ਰਣਾਲੀ ਹੈ। ਗੁਰੂ ਸਾਹਿਬਾਨ ਦੀ ਬਾਣੀ ਅਤੇ ਜੀਵਨ ਨੇ ਇਸ ਧਰਤੀ ਨੂੰ ਜੋ ਸੰਦੇਸ਼ ਦਿੱਤਾ, ਉਸ ਦਾ ਕੇਂਦਰ ਹੀ ਮਨੁੱਖਤਾ, ਬਰਾਬਰੀ, ਸੇਵਾ ਅਤੇ ਸਾਂਝ ਸੀ। ਇਸੇ ਕਰਕੇ ਪੰਜਾਬ ਦੀ ਸਭ ਤੋਂ ਵੱਡੀ ਪੂੰਜੀ ਇਸ ਦੀ ਜ਼ਮੀਨ ਜਾਂ ਪਾਣੀ ਹੀ ਨਹੀਂ, ਇਸ ਦੇ ਲੋਕਾਂ ਦਾ ਇੱਕ-ਦੂਜੇ ਲਈ ਖੜ੍ਹਾ ਹੋ ਜਾਣਾ ਹੈ।

ਹੁਣ ਹਾਲ ਦੀਆਂ ਘਟਨਾਵਾਂ ਨੇ ਇਸ ਸਾਂਝੀਵਾਲਤਾ ਦੀ ਮਹੱਤਤਾ ਨੂੰ ਫਿਰ ਸਾਹਮਣੇ ਲਿਆਂਦਾ ਹੈ। ਲੁਧਿਆਣਾ ਵਿੱਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਨਾਲ ਵਾਪਰੀ ਬੇਅਦਬੀ ਦੀ ਘਟਨਾ ਨੇ ਲੋਕਾਂ ਵਿੱਚ ਰੋਸ ਪੈਦਾ ਕੀਤਾ ਅਤੇ ਧਰਨੇ-ਪ੍ਰਦਰਸ਼ਨ ਦੀ ਸਥਿਤੀ ਬਣੀ। ਅਜਿਹੀ ਘਟਨਾ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਡਾ. ਅੰਬੇਡਕਰ ਸਿਰਫ਼ ਇੱਕ ਵਰਗ ਜਾਂ ਇੱਕ ਭਾਈਚਾਰੇ ਦੇ ਨੇਤਾ ਨਹੀਂ; ਉਹ ਭਾਰਤੀ ਸੰਵਿਧਾਨ, ਸਮਾਜਿਕ ਨਿਆਂ, ਬਰਾਬਰੀ ਅਤੇ ਮਨੁੱਖੀ ਮਰਿਆਦਾ ਦੇ ਪ੍ਰਤੀਕ ਹਨ। ਉਨ੍ਹਾਂ ਦੇ ਬੁੱਤ ਨਾਲ ਛੇੜਛਾੜ ਕਿਸੇ ਇੱਕ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੀ ਨਹੀਂ, ਸਗੋਂ ਸੰਵਿਧਾਨਕ ਮੁੱਲਾਂ ਦੀ ਬੇਅਦਬੀ ਵਜੋਂ ਵੀ ਦੇਖੀ ਜਾਣੀ ਚਾਹੀਦੀ ਹੈ। ਇਸ ਲਈ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪਰ ਇਸ ਦੇ ਨਾਲ ਹੀ ਪੰਜਾਬ ਦੀ ਸਮਾਜਕ ਸਿਆਣਪ ਦੀ ਵੀ ਪਰਖ ਹੈ ਕਿ ਰੋਸ ਨਿਆਂ ਦੀ ਮੰਗ ਬਣੇ, ਨਫ਼ਰਤ ਦਾ ਰੂਪ ਨਾ ਧਾਰੇ। ਅੱਜ ਇੱਥੇ ਇੱਕ ਹੋਰ ਬਹੁਤ ਗੰਭੀਰ ਸਵਾਲ ਖੜ੍ਹਾ ਹੁੰਦਾ ਹੈ—ਕੀ ਚੋਣਾਂ ਤੋਂ ਪਹਿਲਾਂ ਅਜਿਹੀਆਂ ਘਟਨਾਵਾਂ ਪੰਜਾਬ ਦੇ ਸਮਾਜਕ ਤਾਣੇ-ਬਾਣੇ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਬਣ ਸਕਦੀਆਂ ਹਨ? ਇਸ ਸਵਾਲ ਦਾ ਜਵਾਬ ਜਾਂਚ ਤੋਂ ਪਹਿਲਾਂ ਦੇਣਾ ਠੀਕ ਨਹੀਂ ਹੋਵੇਗਾ। ਕਿਸੇ ਘਟਨਾ ਦੇ ਪਿੱਛੇ ਸਿਆਸੀ ਸਾਜ਼ਿਸ਼ ਹੈ ਜਾਂ ਕੋਈ ਵਿਅਕਤੀਗਤ ਜਾਂ ਹੋਰ ਕਾਰਨ, ਇਹ ਜਾਂਚ ਏਜੰਸੀਆਂ ਨੂੰ ਤੈਅ ਕਰਨਾ ਹੈ। ਪਰ ਪੰਜਾਬ ਨੂੰ ਇਹ ਸਾਵਧਾਨੀ ਜ਼ਰੂਰ ਰੱਖਣੀ ਪਵੇਗੀ ਕਿ ਕੋਈ ਵੀ ਸ਼ਰਾਰਤੀ ਤੱਤ, ਕੋਈ ਅਪਰਾਧੀ ਜਾਂ ਕੋਈ ਸਿਆਸੀ ਲਾਭ ਲੈਣ ਵਾਲਾ ਤੱਤ ਪੰਜਾਬ ਦੇ ਭਾਈਚਾਰਿਆਂ ਵਿਚਕਾਰ ਸ਼ੱਕ ਦੀ ਕੰਧ ਖੜ੍ਹੀ ਨਾ ਕਰ ਸਕੇ। ਦੋਸ਼ੀ ਇੱਕ ਵਿਅਕਤੀ ਹੋ ਸਕਦਾ ਹੈ; ਪੂਰਾ ਭਾਈਚਾਰਾ ਦੋਸ਼ੀ ਨਹੀਂ ਹੋ ਸਕਦਾ। ਅੱਜ ਵੀ ਇਹ ਸਿਧਾਂਤ ਪੰਜਾਬ ਦੀ ਸਾਂਝੀਵਾਲਤਾ ਦੀ ਰੱਖਿਆ ਲਈ ਸਭ ਤੋਂ ਪਹਿਲੀ ਕੰਧ ਹੈ। ਆਉਣ ਵਾਲੀਆਂ 2027 ਦੀਆਂ ਚੋਣਾਂ ਇਸ ਲਈ ਵੀ ਮਹੱਤਵਪੂਰਨ ਹਨ ਕਿ ਪੰਜਾਬ ਦੇ ਲੋਕਾਂ ਸਾਹਮਣੇ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਹਿਸਾਬ ਹੋਵੇਗਾ। ਨਸ਼ਾ, ਬੇਰੁਜ਼ਗਾਰੀ, ਨੌਜਵਾਨਾਂ ਦਾ ਵਿਦੇਸ਼ ਜਾਣਾ, ਖੇਤੀ ਸੰਕਟ, ਪਾਣੀ ਦਾ ਮੁੱਦਾ, ਉਦਯੋਗ ਦੀ ਕਮੀ, ਸਰਕਾਰੀ ਕਰਜ਼ਾ, ਸਿੱਖਿਆ, ਸਿਹਤ, ਕਾਨੂੰਨ-ਵਿਵਸਥਾ ਅਤੇ ਪੰਜਾਬ ਦੀ ਅਰਥਵਿਵਸਥਾ—ਇਹ ਉਹ ਮੁੱਦੇ ਹਨ, ਜਿਨ੍ਹਾਂ 'ਤੇ ਚੋਣੀ ਬਹਿਸ ਹੋਣੀ ਚਾਹੀਦੀ ਹੈ। ਪੰਜਾਬ ਦੇ ਵੋਟਰ ਨੂੰ ਪੁੱਛਣਾ ਚਾਹੀਦਾ ਹੈ ਕਿ ਕਿਹੜੀ ਪਾਰਟੀ ਕੋਲ ਅਗਲੇ ਦਸ ਸਾਲਾਂ ਲਈ ਪੰਜਾਬ ਦਾ ਆਰਥਿਕ ਮਾਡਲ ਹੈ? ਕਿਹੜੀ ਪਾਰਟੀ ਨੌਜਵਾਨ ਨੂੰ ਪੰਜਾਬ ਵਿੱਚ ਰੋਕਣ ਲਈ ਹਕੀਕੀ ਰੋਜ਼ਗਾਰ ਪੈਦਾ ਕਰੇਗੀ? ਕਿਹੜੀ ਪਾਰਟੀ ਖੇਤੀ ਨੂੰ ਪਾਣੀ ਅਤੇ ਮਿੱਟੀ ਦੇ ਸੰਕਟ ਤੋਂ ਬਚਾਏਗੀ? ਕਿਹੜੀ ਪਾਰਟੀ ਪੰਜਾਬ ਦੇ ਉਦਯੋਗ ਨੂੰ ਦੁਬਾਰਾ ਖੜ੍ਹਾ ਕਰੇਗੀ? ਪਰ ਜੇ ਇਹ ਸਵਾਲ ਪਿੱਛੇ ਧੱਕ ਕੇ ਚੋਣੀ ਚਰਚਾ ਨੂੰ ਜਾਤੀ, ਧਰਮ, ਭਾਈਚਾਰੇ ਅਤੇ ਡਰ ਦੀ ਰਾਜਨੀਤੀ ਵੱਲ ਮੋੜ ਦਿੱਤਾ ਗਿਆ ਤਾਂ ਪੰਜਾਬ ਨੂੰ ਆਪਣੇ ਆਪ ਤੋਂ ਪੁੱਛਣਾ ਪਵੇਗਾ ਕਿ ਅਸੀਂ ਵਿਕਾਸ ਦੀ ਚੋਣ ਕਰ ਰਹੇ ਹਾਂ ਜਾਂ ਵੰਡ ਦੀ? ਇਹ ਵੀ ਸੱਚ ਹੈ ਕਿ ਪੰਜਾਬ ਨੇ ਵੰਡ ਦਾ ਦਰਦ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਇਸ ਧਰਤੀ ਨੇ ਘਰ ਉਜੜਦੇ ਦੇਖੇ ਹਨ, ਰਿਸ਼ਤੇ ਟੁੱਟਦੇ ਦੇਖੇ ਹਨ, ਲੱਖਾਂ ਲੋਕਾਂ ਨੂੰ ਆਪਣੀ ਜਨਮਭੂਮੀ ਛੱਡਦੇ ਦੇਖਿਆ ਹੈ। ਬਾਅਦ ਵਿੱਚ ਪੰਜਾਬ ਨੇ ਹਿੰਸਾ ਦਾ ਉਹ ਦੌਰ ਵੀ ਦੇਖਿਆ ਜਿਸ ਨੇ ਹਜ਼ਾਰਾਂ ਪਰਿਵਾਰਾਂ ਦੀ ਜ਼ਿੰਦਗੀ ਬਦਲ ਦਿੱਤੀ। ਇਸ ਇਤਿਹਾਸ ਤੋਂ ਬਾਅਦ ਵੀ ਜੇ ਕੋਈ ਪੰਜਾਬ ਨੂੰ ਜਾਤੀ ਜਾਂ ਧਾਰਮਿਕ ਵੰਡ ਵੱਲ ਧੱਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਪੰਜਾਬ ਦੇ ਜ਼ਖ਼ਮਾਂ ਨਾਲ ਖੇਡਦਾ ਹੈ। ਇਸ ਲਈ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਇਹ ਤੈਅ ਕਰਨਾ ਪਵੇਗਾ ਕਿ ਅਸੀਂ ਇਤਿਹਾਸ ਤੋਂ ਸਬਕ ਲੈਣਾ ਹੈ ਜਾਂ ਇਤਿਹਾਸ ਨੂੰ ਦੁਹਰਾਉਣਾ ਹੈ। ਅੱਜ ਪੰਜਾਬ ਦੀ ਸਾਂਝੀਵਾਲਤਾ ਦਾ ਸਭ ਤੋਂ ਵੱਡਾ ਸਬੂਤ ਮੁਸੀਬਤਾਂ ਦੇ ਸਮੇਂ ਸਾਹਮਣੇ ਆਉਂਦਾ ਹੈ। ਹੜ੍ਹਾਂ ਵੇਲੇ ਪੰਜਾਬ ਦੇ ਨੌਜਵਾਨਾਂ ਨੇ ਕਿਸ਼ਤੀਆਂ ਚਲਾਈਆਂ, ਲੋਕਾਂ ਨੇ ਲੰਗਰ ਲਾਏ, ਦਵਾਈਆਂ ਪਹੁੰਚਾਈਆਂ, ਪਸ਼ੂਆਂ ਨੂੰ ਬਚਾਇਆ ਅਤੇ ਇੱਕ-ਦੂਜੇ ਦੇ ਘਰਾਂ ਦੇ ਦਰਵਾਜ਼ੇ ਖੋਲ੍ਹੇ। ਉੱਥੇ ਕਿਸੇ ਨੇ ਇਹ ਨਹੀਂ ਪੁੱਛਿਆ ਕਿ ਬਚਾਇਆ ਜਾਣ ਵਾਲਾ ਮਨੁੱਖ ਕਿਹੜੀ ਜਾਤ ਦਾ ਹੈ। ਇਹ ਹੀ ਪੰਜਾਬ ਹੈ। ਇਹੀ ਉਹ ਤਾਕਤ ਹੈ, ਜਿਸ ਨੂੰ ਕੋਈ ਵੀ ਚੋਣੀ ਗਣਿਤ ਕਮਜ਼ੋਰ ਨਹੀਂ ਕਰ ਸਕਦਾ, ਜੇ ਪੰਜਾਬੀ ਆਪਣੇ ਅਸਲ ਸੁਭਾਅ ਨੂੰ ਪਛਾਣ ਲੈਣ। ਹੁਣ ਅੱਜ ਇੱਕ ਨਵਾਂ ਖ਼ਤਰਾ ਹੈ—ਸੋਸ਼ਲ ਮੀਡੀਆ ਦੀ ਅਫ਼ਵਾਹ। ਇੱਕ ਪੁਰਾਣੀ ਤਸਵੀਰ ਨੂੰ ਨਵੀਂ ਘਟਨਾ ਨਾਲ ਜੋੜਿਆ ਜਾ ਸਕਦਾ ਹੈ, ਇੱਕ ਕੱਟੀ ਹੋਈ ਵੀਡੀਓ ਨੂੰ ਪੂਰੀ ਘਟਨਾ ਵਜੋਂ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇੱਕ ਭੜਕਾਊ ਟਿੱਪਣੀ ਕੁਝ ਮਿੰਟਾਂ ਵਿੱਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਚੋਣਾਂ ਦੇ ਸਮੇਂ ਇਹ ਖ਼ਤਰਾ ਹੋਰ ਵੱਡਾ ਹੋ ਜਾਂਦਾ ਹੈ। ਇਸ ਲਈ ਪੰਜਾਬ ਵਿੱਚ ਕਿਸੇ ਵੀ ਸੰਵੇਦਨਸ਼ੀਲ ਘਟਨਾ ਤੋਂ ਬਾਅਦ ਪਹਿਲਾ ਕੰਮ ਭੜਕਾਊ ਸੁਨੇਹਾ ਸਾਂਝਾ ਕਰਨਾ ਨਹੀਂ, ਸਗੋਂ ਤੱਥ ਦੀ ਪੁਸ਼ਟੀ ਕਰ

ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਅੱਖਾਂ ਦੇ ਦਾਨ ਸਬੰਧੀ ਜਾਗਰੂਕਤਾ, 46 ਬੱਚਿਆਂ ਦੀ ਨਜ਼ਰ ਮਿਲੀ ਕਮਜ਼ੋਰ



ਖੜ੍ਹਕ ਸਾਹਿਬ, 9 ਸਤੰਬਰ (ਸਰਬਜੀਤ ਸਿੰਘ ਮੀਆਂ ਵਿੰਡ): ਸਰਕਾਰੀ ਪ੍ਰਾਇਮਰੀ ਸਕੂਲ ਨਾਗੋਕੇ ਵਿਖੇ ਅੱਖਾਂ ਦੇ ਦਾਨ ਸਬੰਧੀ ਜਾਣਕਾਰੀ ਪੰਦਰਵਾੜੇ ਤਹਿਤ ਵਿਸ਼ੇਸ਼ ਜਾਗਰੂਕਤਾ ਗਤੀਵਿਧੀ ਕਰਵਾਈ ਗਈ। ਇਸ ਮੌਕੇ ਸਕੂਲ ਦੇ ਬੱਚਿਆਂ ਨੂੰ ਅੱਖਾਂ ਦੀ ਸੰਭਾਲ, ਅੱਖਾਂ ਦੀ ਸਿਹਤ ਤੇ ਅੱਖਾਂ ਦੇ ਦਾਨ ਦੀ ਮਹੱਤਤਾ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਅੱਖਾਂ ਦਾ ਸਿਹਤ ਵਿਭਾਗ ਦੀ ਟੀਮ ਵੱਲੋਂ ਚੈੱਕਅੱਪ ਵੀ ਕੀਤਾ ਗਿਆ। ਅੱਖਾਂ ਦੀ ਜਾਂਚ ਦੌਰਾਨ 46 ਬੱਚਿਆਂ ਦੀ ਨਿਗਾਹ ਘੱਟ ਪਾਈ ਗਈ, ਜਿਸ ਤੋਂ ਬਾਅਦ ਇਨ੍ਹਾਂ ਬੱਚਿਆਂ ਦੀ ਨਜ਼ਰ ਨੂੰ ਸੁਧਾਰਨ ਲਈ ਅਗਲੇ ਪੜਾਅ ਤਹਿਤ ਕਾਰਵਾਈ ਕੀਤੀ ਜਾਵੇਗੀ।

ਜਾਣਕਾਰੀ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਸਰਕਾਰ ਵੱਲੋਂ ਮੁਫ਼ਤ ਐਨਕਾਂ ਮੁਹੱਈਆ ਕਰਵਾਈਆਂ ਜਾਣਗੀਆਂ, ਜਿਸ ਨਾਲ ਬੱਚਿਆਂ ਨੂੰ ਪੜ੍ਹਾਈ ਦੌਰਾਨ ਆਉਣ ਵਾਲੀਆਂ ਅੱਖਾਂ ਸਬੰਧੀ ਸਮੱਸਿਆਵਾਂ ਤੋਂ ਰਾਹਤ ਮਿਲਣ ਦੀ ਉਮੀਦ ਹੈ। ਸਕੂਲ ਵੱਲੋਂ ਕਰਵਾਏ ਗਏ ਇਸ ਉਪਰਾਲੇ ਦਾ ਮੁੱਖ ਮਕਸਦ ਬੱਚਿਆਂ ਵਿੱਚ ਅੱਖਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਸਮੇ ਸਿਰ ਅੱਖਾਂ ਦੀਆਂ ਸਮੱਸਿਆਵਾਂ ਦੀ ਪਛਾਣ ਕਰਨਾ ਰਿਹਾ। ਇਸ ਮੌਕੇ ਬੱਚਿਆਂ ਨੂੰ ਇਹ ਵੀ ਸਮਝਾਇਆ ਗਿਆ ਕਿ ਅੱਖਾਂ ਸਰੀਰ ਦਾ ਬੇਹੱਦ ਮਹੱਤਵਪੂਰਨ ਅੰਗ ਹਨ ਤੇ ਇਨ੍ਹਾਂ ਦੀ ਨਿਯਮਤ ਜਾਂਚ ਤੇ ਸਹੀ ਸੰਭਾਲ ਬਹੁਤ ਜ਼ਰੂਰੀ ਹੈ।

ਸਕੂਲ ਅਧਿਆਪਕਾਂ ਵੱਲੋਂ ਵੀ ਬੱਚਿਆਂ ਦੀ ਸਿਹਤ ਨੂੰ ਲੈ ਕੇ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਨੂੰ ਲਾਭਦਾਇਕ ਦੱਸਦਿਆਂ ਕਿਹਾ ਗਿਆ ਕਿ ਸਕੂਲ ਪੱਧਰ 'ਤੇ ਸਮੇ-ਸਮੇ 'ਤੇ ਬੱਚਿਆਂ ਦੀ ਸਿਹਤ ਜਾਂਚ ਹੋਣ ਨਾਲ ਕਈ ਸਮੱਸਿਆਵਾਂ ਦੀ ਸਮੇ ਸਿਰ ਪਛਾਣ ਕੀਤੀ ਜਾ ਸਕਦੀ ਹੈ। ਇਸ ਸਮੇ ਸਕੂਲ ਇਨਚਾਰਜ ਖੁਸਪ੍ਰੀਤ ਅਤੇ ਸਟਾਫ ਹਾਜ਼ਰ ਸਨ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

ਪੰਜਾਬ ਐਂਡ ਸਿੰਧ ਬੈਂਕ

(ਭਾਰਤ ਸਰਕਾਰ ਦੇ ਅਧੀਨ)

ਸ਼ਾਖਾ ਦਫਤਰ : ਮਾਡਲ ਟਾਊਨ, ਲੁਧਿਆਂਣਾ

ਮਿਤੀ : 08.09.2026

1. ਮੈਸਰਜ਼ ਇਮੋਰਟਲ ਟਾਇਰਜ਼ ਪ੍ਰਾਈਵੇਟ ਲਿਮਟਿਡ #247-ਡੀ, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ ਰਾਹੀਂ ਆਪਣੇ ਡਾਇਰੈਕਟਰਾਂ ਪੂਨਮਦੀਪ ਕੌਰ ਅਤੇ ਕੰਵਰ ਕਰਨਜੀਤ ਸਿੰਘ;
2. ਪੂਨਮਦੀਪ ਕੌਰ ਡਾਇਰੈਕਟਰ, ਮੈਸਰਜ਼ ਇਮੋਰਟਲ ਟਾਇਰਜ਼ ਪ੍ਰਾਈਵੇਟ ਲਿਮਟਿਡ, #247-ਡੀ, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ।
3. ਕੰਵਰ ਕਰਨਜੀਤ ਸਿੰਘ ਡਾਇਰੈਕਟਰ, ਮੈਸਰਜ਼ ਇਮੋਰਟਲ ਟਾਇਰਜ਼ ਪ੍ਰਾਈਵੇਟ ਲਿਮਟਿਡ #247-ਡੀ, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ।
4. ਸਵਰਗੀ ਪਰਮਜੀਤ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ (ਜੋ ਮੈਸਰਜ਼ ਅਮਰ ਟਾਇਰਜ਼ ਪ੍ਰਾਈਵੇਟ ਲਿਮਟਿਡ ਦੀਆਂ ਕ੍ਰੈਡਿਟ ਸਹੂਲਤਾਂ ਵਿੱਚ ਜ਼ਾਮਨ/ਗਿਰਵੀਕਾਰ ਸਨ) ਦੇ ਕਾਨੂੰਨੀ ਵਾਰਸ (a) ਪੂਨਮਦੀਪ ਕੌਰ (ਪਤਨੀ) (b) ਕੰਵਰ ਕਰਨਜੀਤ ਸਿੰਘ (ਪੁੱਤਰ), ਵਾਸੀ ਮਕਾਨ ਨੰਬਰ 304-ਆਰ, ਮਾਡਲ ਟਾਊਨ, ਲੁਧਿਆਣਾ।
5. ਹਰਮਿੰਦਰ ਪਾਲ ਸਿੰਘ ਪੁੱਤਰ ਸ੍ਰੀ ਰਣਬੀਰ ਸਿੰਘ ਵਾਸੀ ਮਕਾਨ ਨੰ. 446-ਸੀ, ਅਰਬਨ ਅਸਟੇਟ, ਫੇਜ਼-1, ਫੋਕਲ ਪੁਆਇੰਟ, ਲੁਧਿਆਣਾ।
ਦੂਜਾ ਪਤਾ:- i. ਪੂਨਮਦੀਪ ਕੌਰ ਪਤਨੀ ਸਵ.ਪਰਮਜੀਤ ਸਿੰਘ ਵਾਸੀ ਮਕਾਨ ਨੰ. 304-ਆਰ, ਮਾਡਲ ਟਾਊਨ, ਲੁਧਿਆਣਾ ii. ਪੂਨਮਦੀਪ ਕੌਰ ਪਤਨੀ ਸਵ. ਸ੍ਰੀ ਪਰਮਜੀਤ ਸਿੰਘ ਵਾਸੀ ਫਲੈਟ ਨੰ. 1002, 10ਵੀਂ ਮੰਜ਼ਿਲ, ਏ ਸਪੇਨ 1, ਸੈਂਟਰਲ ਗ੍ਰੀਨਜ਼, ਪੱਖੋਵਾਲ ਰੋਡ, ਲੁਧਿਆਣਾ
6. ਕੰਵਰ ਕਰਨਜੀਤ ਸਿੰਘ ਪੁੱਤਰ ਸਵ.ਸ੍ਰੀ ਪਰਮਜੀਤ ਸਿੰਘ ਵਾਸੀ ਮਕਾਨ ਨੰ. 304-ਆਰ, ਮਾਡਲ ਟਾਊਨ, ਲੁਧਿਆਣਾ, ii. ਫਲੈਟ ਨੰ. 84, 8ਵੀਂ ਮੰਜ਼ਿਲ, ਕਿੰਗਸਟਨ ਟਾਵਰ, ਓਮੈਕਸ ਰਾਇਲ ਰੈਜੀਡੈਂਸੀ, ਲੁਧਿਆਣਾ।
7. ਹਰਮਿੰਦਰ ਪਾਲ ਸਿੰਘ ਪੁੱਤਰ ਸ੍ਰੀ ਰਣਬੀਰ ਸਿੰਘ ਵਾਸੀ ਵਿਲਾ ਨੰਬਰ 169, ਆਇਰੀਓ ਵਾਟਰ ਫਰੰਟ ਦੇ ਨੇੜੇ, ਏਆਈਪੀਐਲ, ਫੋਕਲ ਪੁਆਇੰਟ, ਲੁਧਿਆਣਾ।

ਪਿਆਰੇ ਸ੍ਰੀਮਾਨ/ਸ੍ਰੀਮਤੀ,
ਇਸ ਸਬੰਧ ਵਿਚ : ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("SARFAESI ACT") ਦੀ ਧਾਰਾ 13(8) ਦੇ ਤਹਿਤ ਤੁਹਾਡੇ ਕੋਲ ਨਿਹਿਤ ਅਧਿਕਾਰ ਦੇ ਸੰਦਰਭ ਵਿੱਚ ਛੁਟਕਾਰਾ ਲਈ ਨੋਟਿਸ, ਜੋ ਕਿ ਮੈਸਰਜ਼ ਇਮੋਰਟਾਲ ਟਾਇਰਜ਼ ਪ੍ਰਾਈਵੇਟ ਲਿਮਟਿਡ ਦੇ ਖਾਤੇ ਵਿੱਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜਿਆ ਜਾਂਦਾ ਹੈ।
ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਬੈਂਕ ਦੇ ਅਧਿਕਾਰਤ ਅਧਿਕਾਰੀ ਨੇ 02.03.2026 ਨੂੰ SARFAESIACT ਦੀ ਧਾਰਾ 13(2) ਦੇ ਤਹਿਤ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ ਜੋ ਤੁਹਾਡੇ ਦੁਆਰਾ ਵਿਸ਼ਾ ਕਰਜ਼ਾ ਖਾਤੇ ਵਿੱਚ ਸੁਰੱਖਿਆ ਵਜੋਂ ਪੇਸ਼ ਕੀਤੀ ਗਈ ਸੁਰੱਖਿਅਤ ਸੰਪਤੀ ਵਿੱਚ ਸੁਰੱਖਿਆ ਹਿੱਤ ਨੂੰ ਲਾਗੂ ਕਰਨ ਲਈ ਇੱਕ ਉਪਾਅ ਵਜੋਂ ਹੈ।
ਇਸ ਤੋਂ ਬਾਅਦ, ਅਧਿਕਾਰਤ ਅਧਿਕਾਰੀ ਨੇ ਐਕਟ ਦੀ ਧਾਰਾ 13(4) ਦੇ ਤਹਿਤ ਹੋਰ ਉਪਾਅ ਕਰਦੇ ਹੋਏ, 03.09.2026 ਨੂੰ ਸੁਰੱਖਿਅਤ ਸੰਪਤੀ ਦਾ ਭੌਤਿਕ ਕਬਜ਼ਾ ਲੈ ਲਿਆ।

ਅਚੱਲ ਜਾਇਦਾਦ ਦਾ ਵੇਰਵਾ

1912 ਵਰਗ ਗਜ਼ ਮਾਪ ਦੀ ਜ਼ਮੀਨ/ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ 1230/870-873, 1229/871-872, 1232/869-873, 870-874/2, ਖਾਤਾ ਨੰਬਰ 31/39-32/40-36/44 ਵਿੱਚ ਸ਼ਾਮਲ ਹੈ, ਜੋ ਕਿ ਸਾਲ 2009-10 ਦੀ ਜਮਾਂਬੰਦੀ ਅਨੁਸਾਰ, ਵਿਕਰੀ ਡੀਡ ਵਸੀਕਾ ਨੰਬਰ 6932 ਮਿਤੀ 22.07.2010 ਅਨੁਸਾਰ ਮੁੰਡੀਆਂ ਕਲਾਂ, ਐਚਬੀ ਨੰਬਰ 179, ਅਬਾਦੀ ਗੁਰੂ ਬਾਗ ਕਲੋਨੀ, ਤਹਿਸੀਲ ਲੁਧਿਆਣਾ ਵਿਖੇ ਸਥਿਤ ਹੈ। ਪੂਨਮਦੀਪ ਕੌਰ ਅਤੇ ਹਰਮਿੰਦਰ ਪਾਲ ਸਿੰਘ ਦੀ ਮਲਕੀਅਤ, ਹੇਠ ਲਿਖੇ ਅਨੁਸਾਰ ਜਾਇਦਾਦ ਦੀ ਹੱਦਬੰਦੀ: ਪੂਰਬ: ਗਲੀ 233', ਪੱਛਮ: ਗੁਆਂਢ 212', ਉੱਤਰ: ਗਲੀ ਦੱਖਣ: ਗੁਆਂਢ-83'-10"

ਕਿਉਂਕਿ ਤੁਸੀ ਬੈਂਕ ਦੀਆਂ ਆਪਣੀਆਂ ਦੇਣਦਾਰੀਆਂ ਨੂੰ ਨਿਭਾਉਣ ਵਿੱਚ ਅਸਫਲ ਰਹੇ ਹੋ, ਇਸ ਲਈ, ਅਧਿਕਾਰਤ ਅਧਿਕਾਰੀ ਵਜੋਂ ਹੇਠ ਲਿਖੇ ਅਨੁਸਾਰ, ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(4) ਦੇ ਅਧੀਨ ਆਪਣੀ ਸ਼ਕਤੀ ਦੀ ਵਰਤੋਂ ਕਰਦੇ ਹੋਏ, ਉਧਰੋਕਤ ਕਰਜ਼ਦਾਰ ਅਤੇ ਜ਼ਾਮਨਾਂ ਤੋਂ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਵਸੂਲੀ ਲਈ ਈ-ਨਿਲਾਮੀ ਰਾਹੀਂ ਹੇਠਾਂ ਦੱਸੀ ਗਈ ਅਨੁਸਾਰ ਜਾਇਦਾਦਾਂ ਦੀਆਂ ਸੁਰੱਖਿਅਤ ਸੰਪਤੀਆਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ। ਤੁਹਾਡਾ ਧਿਆਨ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੀ ਧਾਰਾ 13(8) ਵੱਲ ਸੱਦਾ ਦਿੱਤਾ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ (ਭਾਵ 30 ਦਿਨ) ਦੇ ਸੰਬੰਧ ਵਿੱਚ। ਕਿਰਪਾ ਕਰਕੇ ਧਿਆਨ ਦਿਓ ਕਿ ਧਾਰਾ 13(8) ਦੇ ਅਧੀਨ ਤੁਹਾਡਾ ਅਧਿਕਾਰ ਜਨਤਕ ਨਿਲਾਮੀ ਲਈ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਖਤਮ ਹੋ ਜਾਵੇਗਾ ਜਾਂ ਸੁਰੱਖਿਅਤ ਸੰਪਤੀ ਦੇ ਲੀਜ਼, ਅਸਾਈਨਮੈਂਟ ਜਾਂ ਵਿਕਰੀ ਦੁਆਰਾ ਟਰਾਂਸਫਰ ਲਈ ਜਨਤਕ ਜਾਂ ਨਿੱਜੀ ਸੰਧੀ ਤੋਂ ਹਵਾਲੇ ਜਾਂ ਟੈਂਡਰ ਮੰਗੇਗਾ।

ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

ਸਿਕਿਓਰਿਟੀਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਅਸੈਟਸ ਐਂਡ ਇਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਜਾਇਦਾਦ ਦੀ ਵਿਕਰੀ ਲਈ ਈ-ਆਕਸ਼ਨ ਵਿਕਰੀ ਨੋਟਿਸ, ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿਆ ਜਾਂਦਾ ਹੈ।

ਈ ਨਿਲਾਮੀ ਦੀ ਮਿਤੀ ਅਤੇ ਸਮਾਂ:	22.10.2026 ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਨਿਰੀਖਣ ਦੀ ਮਿਤੀ:	17.10.2026 ਦੁਪਹਿਰ 1:00 ਵਜੇ ਤੋਂ ਸ਼ਾਮ 4:00 ਵਜੇ ਤੱਕ
ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ:	21.10.2026 ਸ਼ਾਮ 4.00 ਵਜੇ ਤੱਕ

ਕਰਜ਼ਦਾਰ ਅਤੇ ਜ਼ਾਮਨਾਂ ਦਾ ਨਾਮ	ਕਰਜ਼ਦਾਰ: ਮੈਸਰਜ਼ ਇਮੋਰਟਾਲ ਟਾਇਰਜ਼ ਪ੍ਰਾਈਵੇਟ ਲਿਮਟਿਡ ਜ਼ਾਮਨ: 1. ਪੂਨਮਦੀਪ ਕੌਰ, 2. ਕੰਵਰ ਕਰਨਜੀਤ ਸਿੰਘ, 3. ਹਰਮਿੰਦਰ ਪਾਲ ਸਿੰਘ
ਮੰਗ ਸੂਚਨਾ ਦੀ ਮਿਤੀ ਅਤੇ ਰਕਮ ਖਾਤੇ ਦੇ ਵੇਰਵੇ	13,56,85,283.13 ਰੁਪਏ (ਤੇਰਾਂ ਕਰੋੜ ਛਪੰਜਾ ਲੱਖ ਪਚਾਸੀ ਹਜ਼ਾਰ ਦੋ ਸੌ ਤਿਰਾਸੀ ਅਤੇ ਤੇਰਾਂ ਪੈਸੇ ਕੇਵਲ) 28.02.2026 ਨੂੰ 01.03.2026 ਤੋਂ ਲਾਗੂ ਭਵਿੱਖੀ ਵਿਆਜ ਸਮੇਤ + 02% ਪੀ.ਏ. ਜੁਰਮਾਨਾ ਵਿਆਜ ਮਾਸਿਕ ਬਾਕੀ + ਹੋਰ ਖਰਚੇ
ਕੁੱਲ ਬਕਾਇਆ 31.08.206 ਅਨੁਸਾਰ	ਰੁ. 14,22,39,696.13 (ਚੌਦਾਂ ਕਰੋੜ ਬਾਈ ਲੱਖ ਉਨਤਾਲੀ ਹਜ਼ਾਰ ਛੇ ਸੌ ਛਿਆਨਵੇਂ ਅਤੇ ਤੇਰਾਂ ਪੈਸੇ ਕੇਵਲ)

ਜਾਇਦਾਦਾਂ ਦਾ ਵੇਰਵਾ	MRP (in Lac.)
ਅਚੱਲ ਜਾਇਦਾਦ ਦਾ ਵੇਰਵਾ: 1912 ਵਰਗ ਗਜ਼ ਦੀ ਜ਼ਮੀਨ/ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ ਖਸਰਾ ਨੰਬਰ 1230/870-873, 1229/871-872, 1232/869-873, 870-874/2, ਖਾਤਾ ਨੰਬਰ 31/39-32/40-36/44 ਵਿੱਚ ਸ਼ਾਮਲ ਹੈ, ਜੋ ਕਿ ਸਾਲ 2009-10 ਦੀ ਜਮਾਂਬੰਦੀ ਅਨੁਸਾਰ, ਵਿਕਰੀ ਡੀਡ ਵਸੀਕਾ ਨੰਬਰ 6932 ਮਿਤੀ 22.07.2010 ਅਨੁਸਾਰ ਮੁੰਡੀਆਂ ਕਲਾਂ, ਐਚਬੀ ਨੰਬਰ 179, ਅਬਾਦੀ ਗੁਰੂ ਬਾਗ ਕਲੋਨੀ, ਤਹਿਸੀਲ ਲੁਧਿਆਣਾ ਵਿਖੇ ਸਥਿਤ ਹੈ। ਇਹ ਨਿਵਾਸੀ ਨੰਬਰ 2 ਅਤੇ 5 ਭਾਵ ਪੂਨਮਦੀਪ ਕੌਰ ਅਤੇ ਹਰਮਿੰਦਰ ਪਾਲ ਸਿੰਘ ਨਾਲ ਸਬੰਧਤ ਹੈ।	Rs. 893.86

ਅਧਿਕਾਰਤ ਅਧਿਕਾਰੀ

ਸਟੇਟ ਬੈਂਕ ਆਫ ਇੰਡੀਆ

ਬੰਦੀ ਸੰਪੱਤੀਆਂ ਵਸੂਲੀ ਸ਼ਾਖਾ

ਐਸਸੀਓ 15, ਪਹਿਲੀ ਮੰਜ਼ਿਲ, ਸੈਕਟਰ 7-ਸੀ, ਚੰਡੀਗੜ੍ਹ,
Ph.: 0172-4568244, 4568249
E-mail: sbi.05179@sbi.co.in

ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੇ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾ) ਅਤੇ ਜ਼ਾਮਨ (ਾ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਕਰਜ਼ਦਾਰ (ਾ) ਅਤੇ ਜ਼ਾਮਨ (ਾ) (ਨਿਮਨ ਦਰਸਾਏ) ਤੋਂ ਸਟੇਟ ਬੈਂਕ ਆਫ ਇੰਡੀਆ, ਐਸਏਆਰਬੀ, ਚੰਡੀਗੜ੍ਹ ਬੈਂਕ ਵੱਲ ਬਕਾਇਆ (ਨਿਮਨ ਦਰਸਾਏ) ਦੀ ਵਸੂਲੀ ਲਈ 29.09.2026 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ, ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਹਰੇਕ ਸੰਪੱਤੀ ਅਧੀਨ ਦਰਸਾਈ ਗਈ ਹੈ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

ਲ. ਨੰ.	ਸੰਪੱਤੀ ਦਾ ਸਥਾਨ	ਕਰਜ਼ਦਾਰ (ਾ)/ ਜ਼ਾਮਨ (ਾ) ਦਾ ਨਾਮ	ਸੰਪੱਤੀ (ਆਂ) ਦੇ ਵੇਰਵੇ	ਮੰਗ ਸੂਚਨਾ ਦੀ ਰਕਮ ਮੰਗ ਸੂਚਨਾ ਦੀ ਮਿਤੀ ਸੰਕੇਤਕ/ਭੌਤਿਕ ਕਬਜ਼ੇ ਦੀ ਮਿਤੀ	ਰਾਖਵੀਂ ਕੀਮਤ ਬਿਆਨਾ ਰਕਮ ਬੋਲੀ ਵਾਧਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ ਈ-ਨਿਲਾਮੀ ਦੀ ਮਿਤੀ/ਸਮਾਂ	ਸੰਪਰਕ ਵਿਅਕਤੀ
1.	ਫਤਿਹਗੜ੍ਹ ਸਾਹਿਬ	ਕਰਜ਼ਦਾਰ:- (1) ਮੈਸਰਜ਼ ਵਿਨੋਦ ਇੰਡਸਟਰੀਜ਼ (ਮੈਸਰਜ਼ ਵਿਨੋਦ ਇੰਡਸਟਰੀਜ਼ ਦੇ ਮਾਲਕ) ਕਾਨੂੰਨੀ ਵਾਰਸਾਂ ਰਾਹੀਂ:- (i) ਸ਼੍ਰੀਮਤੀ ਵਿਜੇ ਰਾਣੀ ਸੁਪਤਨੀ ਸਵਰਗੀ ਭੂਸ਼ਣ ਕੁਮਾਰ, ਪਿੰਡ ਖਾਲਸਪੁਰ, ਤਹਿਸੀਲ ਬਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140612 (ii) ਸ਼੍ਰੀ ਵਿਨੋਦ ਕੁਮਾਰ ਸਪੁੱਤਰ ਸਵਰਗੀ ਭੂਸ਼ਣ ਕੁਮਾਰ, ਪਿੰਡ ਖਾਲਸਪੁਰ, ਤਹਿਸੀਲ ਬਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140612 (iii) ਸ਼੍ਰੀ ਸੁਖਵਿੰਦਰਪਾਲ ਸਿੰਘ ਸਪੁੱਤਰ ਸਵਰਗੀ ਭੂਸ਼ਣ ਕੁਮਾਰ, ਪਿੰਡ ਖਾਲਸਪੁਰ, ਤਹਿਸੀਲ ਬਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140612 (iv) ਸ਼੍ਰੀ ਦਵਿੰਦਰਪਾਲ ਸਿੰਘ ਸਪੁੱਤਰ ਸਵਰਗੀ ਭੂਸ਼ਣ ਕੁਮਾਰ, ਪਿੰਡ ਖਾਲਸਪੁਰ, ਤਹਿਸੀਲ ਬਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140612। ਜ਼ਾਮਨ (ਾ) :- ਸ਼੍ਰੀ ਸੁਖਵਿੰਦਰਪਾਲ ਸਿੰਘ ਸਪੁੱਤਰ ਸਵਰਗੀ ਭੂਸ਼ਣ ਕੁਮਾਰ, ਪਿੰਡ ਖਾਲਸਪੁਰ, ਤਹਿਸੀਲ ਬਸੀ ਪਠਾਣਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ-140612	ਫਾਰਮ/ਉਦਯੋਗਿਕ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ-9 1/3 ਮਰਲੇ (1 ਕਨਾਲ 10 ਮਰਲੇ ਜ਼ਮੀਨ ਵਿੱਚੋਂ 9 1/3/30 ਹਿੱਸਾ) ਜਿਸ ਵਿੱਚ ਖੇਵਟ ਨੰਬਰ 119/119 ਖਤੌਨੀ ਨੰਬਰ 215, ਖਸਰਾ ਨੰਬਰ 42//4/3(1-10) ਸ਼ਾਮਲ ਹੈ ਜੋ ਕ

ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਸਫ਼ਾਈ ਮੁਹਿੰਮ ਜਾਰੀ, ਕੂੜੇ ਦੇ ਢੇਰਾਂ ਨੂੰ ਚੁੱਕਵਾਇਆ

ਬਟਾਲਾ, 9 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਵਿੱਚ ਵਿਸ਼ੇਸ਼ ਸਫ਼ਾਈ ਮੁਹਿੰਮ ਜਾਰੀ ਹੈ। ਵਿਧਾਇਕ



ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਸਥਾਨਾਂ ਦਾ ਦੌਰਾ ਕਰਦਿਆਂ ਆਪਣੀ ਮੌਜੂਦਗੀ ਵਿੱਚ ਕੂੜੇ ਦੇ ਢੇਰਾਂ ਨੂੰ ਚੁੱਕਵਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਫ਼ਾਈ ਟੀਮਾਂ ਵੱਲੋਂ ਸੜਕਾਂ, ਜਨਤਕ ਥਾਵਾਂ ਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੀ ਸਫ਼ਾਈ ਕੀਤੀ ਗਈ। ਇਸ ਤੋਂ ਇਲਾਵਾ ਇਕੱਠੇ ਹੋਏ ਕੂੜੇ ਨੂੰ ਹਟਾਉਣ ਦੇ ਨਾਲ-ਨਾਲ ਗਾਰਬੇਜ ਵਲਨਰੇਬਲ ਪੁਆਇੰਟਸ ਤੇ ਬਲੈਕ ਸਪਾਟਸ ਦੀ ਵੀ ਵਿਸ਼ੇਸ਼ ਤੌਰ 'ਤੇ ਸਫ਼ਾਈ ਕੀਤੀ ਗਈ। ਉਨ੍ਹਾਂ ਨੇ ਸਫਾਈ ਸੇਵਕਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਟੀਮਾਂ ਦਾ ਪੂਰਨ ਸਹਿਯੋਗ ਕਰਨ, ਕੂੜਾ ਨਿਰਧਾਰਿਤ ਸਥਾਨਾਂ 'ਤੇ ਹੀ ਸੁੱਟਣ ਤੇ ਜਨਤਕ ਥਾਵਾਂ ਨੂੰ ਗੰਦਾ ਨਾ ਕਰਨ। ਉਨ੍ਹਾਂ ਕਿਹਾ ਕਿ ਬਟਾਲਾ ਨੂੰ ਸਾਫ਼-ਸੁਥਰਾ ਤੇ ਸੁੰਦਰ ਬਣਾਉਣ ਲਈ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਦਾ ਸਹਿਯੋਗ ਵੀ ਬੇਹੱਦ ਜ਼ਰੂਰੀ ਹੈ।

ਧਾਲੀਵਾਲ ਨੇ ਕਰੀਬ 7.54 ਕਰੋੜ ਦੀ ਲਾਗਤ ਨਾਲ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

ਅਜਨਾਲਾ, 9 ਸਤੰਬਰ (ਸੁਖਦੇਵ ਸਿੰਘ ਖਾਲਸਾ): ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਹਲਕਾ ਅਜਨਾਲਾ 'ਚ ਨਿਰੰਤਰ ਚਹੁੰਮੁਖੀ ਵਿਕਾਸ ਕ੍ਰਾਂਤੀ ਦੇ ਪਰਚਮ ਨੂੰ ਹੋਰ ਉਚਾ ਲਹਿਰਾਉਂਦਿਆਂ ਅੱਜ ਆਪਣੀ ਕਰਮ ਭੂਮੀ ਅਜਨਾਲਾ 'ਚ 7 ਕਰੋੜ 53 ਲੱਖ 49 ਹਜ਼ਾਰ ਰੁਪਏ ਦੀ ਲਾਗਤ ਨਾਲ ਨਵ-ਨਿਰਮਾਣ ਅਧੀਨ ਕਾਹਨਾ ਗਊਸ਼ਾਲਾ ਅਜਨਾਲਾ ਨੇੜੇ ਨਖਾਸੂ ਨਾਲਾ ਵਿਖੇ ਪੁੱਲ, ਅਜਨਾਲਾ-ਚੋਗਾਵਾਂ 'ਤੇ ਪੈਂਦੇ ਵੰਝਾਂਵਾਲਾ ਵਿਖੇ ਸੱਕੀ ਨਾਲਾ ਪੁੱਲ ਤੇ ਪਿੰਡ ਕੋਟਲਾ ਕਾਜ਼ੀਆਂ ਵਿਖੇ ਲਿੰਕ ਸੜਕ ਆਦਿ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਦੀ ਰਸਮ ਅਦਾਇਗੀ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮਾਂ ਦੌਰਾਨ ਤਾੜੀਆਂ ਤੇ ਜ਼ਿੰਦਾਬਾਦ ਨਾਅਰਿਆਂ ਦੀ ਗੂੰਜ ਦਰਮਿਆਨ ਕੀਤੀ। ਸ. ਧਾਲੀਵਾਲ ਨੇ ਇਸ ਮੌਕੇ 'ਤੇ ਜਨਤਕ ਸੰਵਾਦ ਰਚਾਏ ਤੇ ਪੰਜਾਬ ਵਾਸੀਆਂ ਨੂੰ ਸਰਬੱਤ ਦੇ ਭਲੇ



ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਹੱਥ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਮਤਰੇਈ ਮਾਂ ਵਾਲਾ ਸਲੂਕ ਕਰਕੇ ਕਥਿਤ ਰਾਜਸੀ ਬਦਲਾਖੋਰੀ ਤਹਿਤ ਪੰਜਾਬ ਸਰਕਾਰ ਦੇ ਹੱਕੀ ਫੰਡ ਜਾਮ ਕਰਨ ਤੇ ਸਰਹੱਦੀ ਪੰਜਾਬ ਸੂਬੇ ਨੂੰ ਸਰਹੱਦੀ ਬਹੁ-ਪੱਖੀ ਵਿਕਾਸ ਤੇ ਉਦਯੋਗਿਕ ਵਿਕਾਸ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇਣ ਤੋਂ ਕੋਰੀ ਨਾਂਹ ਕੀਤੇ ਜਾਣ ਦੇ ਬਾਵਜੂਦ ਮਾਨ ਸਰਕਾਰ ਵੱਲੋਂ ਆਪਣੇ ਆਰਥਿਕ ਸ੍ਰੋਤਾਂ 'ਚੋਂ ਸਿਹਤ, ਸਿੱਖਿਆ, ਬਿਜਲੀ, ਰੁਜ਼ਗਾਰ, ਖੰਡ, ਚਾਹ ਪੱਤੀ, ਲੂਣ ਤੇਲ, ਜਾਤੀ ਸ਼ੇਣੀ ਆਧਾਰ 'ਤੇ ਅੌਰਤਾਂ ਦੇ ਖਾਤਿਆਂ 'ਚ ਤਿੰਨ ਤਿੰਨ ਹਜ਼ਾਰ ਤੇ ਸਾਢੇ ਚਾਰ ਚਾਰ ਹਜ਼ਾਰ ਰੁਪਏ ਆਦਿ ਲੋਕ ਪੱਖੀ ਸਹੂਲਤਾਂ ਦੇ ਖੁੱਲ੍ਹੇ ਗੱਫਿਆਂ ਨਾਲ ਪੰਜਾਬ ਨਿਵਾਸੀਆਂ ਨੂੰ ਨਿਵਾਜ਼ ਕੇ ਸ਼ਹਿਗੀ ਤੇ ਪੇਂਡੂ ਚਹੁੰਮੁਖੀ ਵਿਕਾਸ ਦੇ ਸੁਫ਼ਨੇ ਸਾਕਾਰ ਕੀਤੇ ਹਨ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਪੀਏ ਮੁਖਤਾਰ ਸਿੰਘ ਬਲੜਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਗੀ ਪ੍ਰਧਾਨ ਤੇ ਚੇਅਰਮੈਨ ਅਮਿਤ ਅੌਲ, ਸਾਬਕਾ ਕੌਂਸਲਰ ਬੱਬੂ ਮਹਾਜਨ, ਅਜੇ ਸ਼ਰਮਾ, ਅਜੀਤ ਸ਼ਾਹ, ਸਰਪੰਚ ਗਬੀਰ ਸਿੰਘ, ਅਮਰ ਸਿੰਘ ਵਿੱਕੀ ਵੰਝਾਵਾਲਾ ਤੇ ਮਹਾਜਨ ਮੌਜੂਦ ਸਨ।

ਬਲਵਿੰਦਰ ਸਿੰਘ ਲਾਡੀ ਨੇ ਆਂਗਨਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਸ੍ਰੀ ਹਰਿਗੋਬਿੰਦਪੁਰ ਸਾਹਿਬ/ ਬਟਾਲਾ, 9 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ ਸੁਖ ਅੰਮ੍ਰਿਤ ਸੌਨੂ): ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਵੱਲੋਂ ਯੋਗ ਉਮੀਦਵਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਉਣ ਦੀ ਮੁਹਿੰਮ ਤਹਿਤ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਆਂਗਨਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇਸ ਮੌਕੇ ਸੀ.ਡੀ.ਪੀ.ਓ ਵਰਿੰਦਰ ਸਿੰਘ ਵੀ ਮੌਜੂਦ ਸਨ। ਬਲਵਿੰਦਰ ਸਿੰਘ ਲਾਡੀ ਨੇ ਨਵ-ਨਿਯੁਕਤ ਆਂਗਨਵਾੜੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ, ਮਿਹਨਤ ਤੇ ਸਮਰਪਿਤ ਭਾਵਨਾ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ



ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਰਹਿਤ ਢੰਗ ਨਾਲ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਰੁਜ਼ਗਾਰ ਦੇ ਹੋਰ ਮੌਕੇ ਉਪਲਬਧ ਕਰਵਾਉਣ ਲਈ ਭਰਤੀ ਪ੍ਰਕਿਰਿਆ ਲਗਾਤਾਰ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਯੋਗ ਨੌਜਵਾਨ ਨੂੰ ਉਸ ਦੀ ਮਿਹਨਤ ਤੇ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਤੇ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਦੇ ਵਿਕਾਸ ਨੂੰ ਵੀ ਨਵੀਂ ਗਤੀ ਮਿਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਂਗਨਵਾੜੀ ਕੇਂਦਰ ਬੱਚਿਆਂ, ਗਰਭਵਤੀ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ, ਪੋਸ਼ਣ ਤੇ ਸ਼ੁਰੂਆਤੀ ਸਿੱਖਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਨਵ-ਨਿਯੁਕਤ ਵਰਕਰ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਉਣ।

ਡੀਸੀ ਔਲਖ ਨੇ ਡੀ.ਐਲ.ਆਰ.ਸੀ. ਤੇ ਡੀ.ਸੀ.ਸੀ. ਮੀਟਿੰਗ ਕਰਕੇ ਪ੍ਰਗਤੀ ਦਾ ਜਾਇਜ਼ਾ ਲਿਆ



ਐਸ.ਬੀ.ਐਸ. ਨਗਰ, 9 ਸਤੰਬਰ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਰਿਵਿਊ ਕਮੇਟੀ ਤੇ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਸਾਂਝੀ ਮੀਟਿੰਗ ਹੋਈ। ਮੀਟਿੰਗ ਦੌਰਾਨ ਪਿਛਲੀ ਤਿਮਾਹੀ ਦੌਰਾਨ ਬੈਂਕਾਂ ਦੀ ਕਾਰਗੁਜ਼ਾਰੀ, ਤਰਜੀਹੀ ਖੇਤਰਾਂ ਵਿੱਚ ਕਰਜ਼ਾ ਵੰਡ ਤੇ ਵਿੱਤੀ ਸਮਾਵੇਸ਼ ਪ੍ਰੋਗਰਾਮਾਂ ਦੀ ਵਿਆਪਕ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਭਾਰਤੀ ਰਿਜ਼ਰਵ ਬੈਂਕ ਦੇ ਲੀਡ ਬੈਂਕ ਅਫ਼ਸਰ ਤੇ ਸਹਾਇਕ ਜਨਰਲ ਮੈਨੇਜਰ ਐਚ.ਐਲ. ਭਾਟੀਆ, ਪੰਜਾਬ ਨੈਸ਼ਨਲ ਬੈਂਕ ਦੇ ਲੀਡ ਡਿਸਟ੍ਰਿਕਟ ਮੈਨੇਜਰ ਰਾਜੇਸ਼ ਮੋਹਨ ਭਗਤ ਸਮੇਤ ਜ਼ਿਲ੍ਹੇ ਦੇ ਸਮੂਹ ਸਰਕਾਰੀ, ਨਿੱਜੀ ਤੇ ਸਹਿਕਾਰੀ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰਜ਼ ਸ਼ਾਮਲ ਹੋਏ। ਇਸ ਤੋਂ ਇਲਾਵਾ ਖੇਤੀਬਾੜੀ, ਡੇਅਰੀ, ਮੱਛੀ ਪਾਲਣ ਸਮੇਤ ਸਾਰੇ ਸਬੰਧਤ ਸਹਾਇਕ ਵਿਭਾਗਾਂ ਦੇ ਅਧਿਕਾਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਬੈਂਕ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਸਾਲਾਨਾ ਕਰਜ਼ਾ ਟੀਚਿਆਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਤੇ ਆਮ ਲੋਕਾਂ, ਖਾਸ ਕਰਕੇ ਕਿਸਾਨਾਂ, ਨੌਜਵਾਨਾਂ ਤੇ ਅੌਰਤਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਦੇਣ ਵਿੱਚ ਕੋਈ ਦੇਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੈਂਕ ਲੋਨ ਸਬੰਧੀ ਕੇਸਾਂ ਨੂੰ ਬੇਲੋੜਾ ਲਟਕਾਉਣ ਦੀ ਪ੍ਰਵਿਰਤੀ ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਨੇ ਸਮੂਹ ਬੈਂਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਰਸਮੀ ਬੈਂਕਿੰਗ ਸਹੂਲਤਾਂ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਲਈ ਬਿਜ਼ਨਸ ਕਾਰਸਪੌਂਡੈਂਟਸ ਤੇ ਗਾਹਕ ਸੇਵਾ ਕੇਂਦਰਾਂ ਦਾ ਦਾਇਰਾ ਹੋਰ ਵਧਾਇਆ ਜਾਵੇ।

ਵਿੱਦਿਆ ਮਨੁੱਖੀ ਜੀਵਨ ਦਾ ਸਭ ਤੋਂ ਕੀਮਤੀ ਸਰਮਾਇਆ: ਗੁਰਨਾਮ ਸਿੰਘ

ਬਟਾਲਾ/ਸ੍ਰੀ ਹਰਿਗੋਬਿੰਦਪੁਰ ਸਾਹਿਬ, 9 ਸਤੰਬਰ (ਜਗੀਰ ਸਿੰਘ ਮੰਡ): ਸਿੱਖਿਆ ਜਾਂ ਵਿੱਦਿਆ ਮਨੁੱਖੀ ਜੀਵਨ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਪੰਜਾਬੀ ਵਿੱਚ ਇੱਕ ਬਹੁਤ ਹੀ ਪ੍ਰਸਿੱਧ ਅਖਾਣ ਹੈ, ਵਿੱਦਿਆ ਵਿਚਾਰੀ ਤਾਂ ਪਰਉਪਕਾਰੀ। ਇਸ ਦਾ ਭਾਵ ਹੈ ਕਿ ਸੱਚੀ ਵਿੱਦਿਆ ਉਹ ਹੈ ਜੋ ਮਨੁੱਖ ਨੂੰ ਦੂਜਿਆਂ ਦਾ ਭਲਾ ਕਰਨਾ ਤੇ ਸਮਾਜ ਵਿੱਚ ਚੰਗੇ ਇਨਸਾਨ ਬਣ ਕੇ ਰਹਿਣਾ ਸਿਖਾਉਂਦੀ ਹੈ। ਵਿੱਦਿਆ ਨੂੰ ਮਨੁੱਖ ਦੀ ਤੀਜੀ ਅੱਖ ਵੀ ਕਿਹਾ ਜਾਂਦਾ ਹੈ, ਜੋ ਉਸ ਨੂੰ ਹਨ੍ਹੇਰੇ ਤੋਂ ਚਾਨਣ ਵੱਲ ਲੈ ਕੇ ਜਾਂਦੀ ਹੈ ਤੇ ਸਹੀ-ਗਲਤ ਦੀ ਪਛਾਣ ਕਰਵਾਉਂਦੀ ਹੈ। ਸਿੱਖਿਆ ਸਿਰਫ਼ ਕਿਤਾਬੀ ਗਿਆਨ ਹਾਸਲ ਕਰਨ ਜਾਂ ਡਿਗਰੀਆਂ ਲੈਣ ਦਾ ਨਾਂ ਨਹੀਂ ਹੈ, ਬਲਕਿ ਇਹ ਮਨੁੱਖ ਦੀ



ਸ਼ਖਸੀਅਤ ਦਾ ਸਰਵਪੱਖੀ ਵਿਕਾਸ ਕਰਦੀ ਹੈ। ਅਜੋਕੇ ਦੌਰ ਵਿੱਚ ਆਰਥਿਕ ਪੱਖੋਂ ਮਜ਼ਬੂਤ ਹੋਣ ਲਈ ਸਿੱਖਿਆ ਬਹੁਤ ਜ਼ਰੂਰੀ ਹੈ। ਚੰਗੀ ਸਿੱਖਿਆ ਤੇ ਹੁਨਰ ਦੇ ਸਿਰ 'ਤੇ ਹੀ ਮਨੁੱਖ ਨੂੰ ਵਧੀਆ ਨੌਕਰੀ ਜਾਂ ਰੁਜ਼ਗਾਰ ਦੇ ਮੌਕੇ ਮਿਲਦੇ ਹਨ। ਇਹ ਗਰੀਬੀ ਨੂੰ ਖਤਮ ਕਰਨ ਤੇ ਜੀਵਨ ਪੱਧਰ ਨੂੰ ਉਚਾ ਚੁੱਕਣ ਦਾ ਸਭ ਤੋਂ ਵੱਡਾ ਹਥਿਆਰ ਹੈ। ਜਿਸ ਦੇਸ਼ ਜਾਂ ਸੂਬੇ ਦੇ ਨੌਜਵਾਨ ਪੜ੍ਹੇ-ਲਿਖੇ ਤੇ ਹੁਨਰਮੰਦ ਹੁੰਦੇ ਹਨ, ਉਥੇ ਬੇਰੁਜ਼ਗਾਰੀ ਤੇ ਗਰੀਬੀ ਆਪਣੇ-ਆਪ ਖ਼ਤਮ ਹੋਣ ਲੱਗਦੀ ਹੈ। ਸਿੱਖਿਆ ਕਈ ਸਮਾਜਿਕ ਬੁਰਾਈਆਂ ਜਿਵੇਂ ਕਿ ਨਸ਼ੇ, ਦਾਜ-ਦਹੇਜ, ਵਹਿਮ-ਭਰਮ ਤੇ ਭ੍ਰਿਸ਼ਟਾਚਾਰ ਵਰਗੀਆਂ ਕੁਰੀਤੀਆਂ ਦੇ ਖ਼ਿਲਾਫ਼ ਲੜਨ ਦੀ ਚੇਤਨਾ ਪੈਦਾ ਕਰਦੀ ਹੈ। ਜਦੋਂ ਲੋਕ ਪੜ੍ਹਦੇ-ਲਿਖਦੇ ਹਨ ਤਾਂ ਉਹ ਪੁਰਾਣੇ ਵਹਿਮਾਂ-ਭਰਮਾਂ ਤੇ ਰੂੜੀਵਾਦੀ ਸੋਚ ਵਿੱਚੋਂ ਬਾਹਰ ਨਿਕਲ ਕੇ ਵਿਗਿਆਨਕ ਤੇ ਤਰਕਸ਼ੀਲ ਸੋਚ ਅਪਣਾਉਂਦੇ ਹਨ। ਕਿਸੇ ਵੀ ਦੇਸ਼ ਦੀ ਉਨਤੀ ਉਸ ਦੇ ਨਾਗਰਿਕਾਂ ਦੀ ਸਿੱਖਿਆ 'ਤੇ ਨਿਰਭਰ ਕਰਦੀ ਹੈ। ਇੱਕ ਪੜ੍ਹਿਆ-ਲਿਖਿਆ ਸਮਾਜ ਹੀ ਦੇਸ਼ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾ ਸਕਦਾ ਹੈ। ਸਿੱਖਿਆ ਸਾਨੂੰ ਸਾਡੇ ਹੱਕਾਂ ਤੇ ਫਰਜ਼ਾਂ ਪ੍ਰਤੀ ਜਾਗਰੂਕ ਕਰਦੀ ਹੈ, ਜਿਸ ਨਾਲ ਇੱਕ ਜ਼ਿੰਮੇਵਾਰ ਤੇ ਸ਼ਾਂਤੀਪੂਰਨ ਸਮਾਜ ਦੀ ਸਿਰਜਣਾ ਹੁੰਦੀ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦੇਸ਼ ਦਾ ਕੋਈ ਵੀ ਬੱਚਾ ਆਰਥਿਕ ਤੰਗੀ ਕਾਰਨ ਸਿੱਖਿਆ ਤੋਂ ਵਾਂਝਾ ਨਾ ਰਹੇ।

-ਗੁਰਨਾਮ ਸਿੰਘ (ਲੈਕਚਰਾਰ ਗਇਤ) ਸ.ਸ.ਸ.ਸ. ਭੁੰਬਲੀ, ਗੁਰਦਾਸਪੁਰ ਮੋਬਾਇਲ 9988123823

ਬਿਨਾਂ ਨਕਸ਼ਾ ਪਾਸ ਕਰਵਾਏ ਤੀਸਰੀ ਮੰਜ਼ਿਲ ਦੀ ਬਿਲਡਿੰਗ ਬਣਾਈ

ਗੜ੍ਹਸ਼ੰਕਰ, 9 ਸਤੰਬਰ (ਸੁਖਦੇਵ ਸਿੰਘ/ਭਨੋਟ): ਪੰਜਾਬ ਸਰਕਾਰ ਵੱਲੋਂ ਜਿੱਥੇ ਗੈਰ ਕਾਨੂੰਨੀ ਢੰਗ ਦੇ ਨਾਲ ਬਣਨ ਵਾਲੀਆਂ ਇਮਾਰਤਾਂ ਉਤੇ ਸਖਤ ਕਾਰਵਾਈ ਕੀਤੀ ਜਾ ਰਹੀ ਹੈ, ਉਥੇ ਹੀ ਗੜ੍ਹਸ਼ੰਕਰ ਦੇ ਨੰਗਲ ਰੋਡ ਬੱਸ ਸਟੈਂਡ ਨਜ਼ਦੀਕ ਇੱਕ ਤੀਜੀ ਮੰਜ਼ਿਲ ਦੀ ਬਿਲਡਿੰਗ ਬਿਨਾਂ ਨਗਰ ਕੌਂਸਲ ਦੀ ਮਨਜ਼ੂਰੀ ਤੇ ਬਿਨਾਂ ਨਕਸ਼ਾ ਪਾਸ ਕਰਵਾ ਬਣੀ ਹੈ। ਪਿਛਲੇ ਦਿਨੀਂ ਬੀਗਮਪਰ ਰੋਡ 'ਤੇ ਗੈਰ-ਕਾਨੂੰਨੀ ਕਲੋਨੀ ਕੱਟੀ ਜਾ ਰਹੀ ਸੀ, ਜਿਸ ਉੱਤੇ ਨਗਰ ਕੌਂਸਲ ਗੜ੍ਹਸ਼ੰਕਰ ਨੇ ਸਖਤ ਕਾਰਵਾਈ ਕੀਤੀ ਤੇ ਉਸ ਗੈਰ-ਕਾਨੂੰਨੀ



ਕਲੋਨੀ ਤੇ ਨਗਰ ਕੌਂਸਲ ਵੱਲੋਂ ਆਪਣਾ ਸਰਕਾਰੀ ਬੋਰਡ ਲਗਾ ਦਿੱਤਾ ਗਿਆ ਕਿ ਇਹ ਗੈਰ-ਕਾਨੂੰਨੀ ਕਲੋਨੀ ਕੱਟੀ ਜਾ ਰਹੀ ਹੈ ਪਲਾਟ ਖਰੀਦਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਉਥੇ ਹੀ ਹੁਣ ਦੇਖਣਾ ਹੋਵੇਗਾ ਕਿ ਨੰਗਲ ਰੋਡ 'ਤੇ ਬਣੀ ਗੈਰ-ਕਾਨੂੰਨੀ ਤੀਸਰੀ ਮੰਜ਼ਿਲ 'ਤੇ ਕੀ ਕਾਰਵਾਈ ਨਗਰ ਕੌਂਸਲ ਵੱਲੋਂ ਕੀਤੀ ਜਾਵੇਗੀ।

ਮਾਨਵਤਾ ਸੇਵਾ ਸੁਸਾਇਟੀ ਨੇ ਐਕਸੀਡੈਂਟ 'ਚ ਜ਼ਖ਼ਮੀ ਦੇ ਇਲਾਜ ਲਈ ਮਦਦ ਦਾ ਹੱਥ ਵਧਾਇਆ

ਗੜ੍ਹਦੀਵਾਲਾ, 9 ਸਤੰਬਰ (ਗੌਰਵ): ਮਾਨਵਤਾ ਸੇ

ਡਾ. ਅਮਰ ਸਿੰਘ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਨਾਲ ਮੁਲਾਕਾਤ ਕੀਤੀ



ਮੰਡੀ ਗੋਬਿੰਦਗੜ੍ਹ, 9 ਸਤੰਬਰ (ਰੂਪਲ ਸੂਦ): ਫ਼ਤਹਿਗੜ੍ਹ ਸਾਹਿਬ ਹਲਕੇ ਤੋਂ ਲੋਕ ਸਭਾ ਮੈਂਬਰ ਡਾ.ਅਮਰ ਸਿੰਘ ਨੇ ਨਵੀਂ ਦਿੱਲੀ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਨਵ-ਨਿਯੁਕਤ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸਚਿਨ ਪਾਇਲਟ ਨਾਲ ਮੁਲਾਕਾਤ ਕਰਕੇ ਪੰਜਾਬ ਮਾਮਲਿਆਂ ਬਾਰੇ ਵਿਸਥਾਰ 'ਚ ਚਰਚਾ ਕੀਤੀ। ਉਨ੍ਹਾਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਵੀ ਚਰਚਾ ਕੀਤੀ ਤੇ ਪਾਰਟੀ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਸੁਝਾਅ ਵੀ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੋਂ ਹਰ ਵਰਗ ਦੁਖੀ ਹੈ ਤੇ ਸੰਘਰਸ਼ ਲਈ ਮਜਬੂਰ ਹੋ ਰਿਹਾ ਹੈ। ਪੰਜਾਬ ਦੀ ਜਨਤਾ ਪਿਛਲੀ ਕਾਂਗਰਸ ਸਰਕਾਰ ਨੂੰ ਯਾਦ ਕਰ ਰਹੇ ਹਨ ਤੇ 2027 ਵਿੱਚ ਮੁੜ ਕਾਂਗਰਸ ਨੂੰ ਸੱਤਾ ਵਿੱਚ ਲਿਆਉਣਾ ਚਾਹੁੰਦੇ ਹਨ। ਸ੍ਰੀ ਪਾਇਲਟ ਨੇ ਭਰੋਸਾ ਦਿੱਤਾ ਕਿ ਪਾਰਟੀ ਵਰਕਰਾਂ ਦਾ ਸਤਿਕਾਰ ਕਰਦੇ ਹੋਏ ਪਾਰਟੀ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤ ਜਾਣਗੇ।

ਜਥੇ. ਗੋਰਾ ਤੇ ਜੱਸਲ ਦੀ ਅਗਵਾਈ 'ਚ ਵਫ਼ਦ ਐਸਐਸਪੀ ਨੂੰ ਮਿਲਿਆ

ਬਟਾਲਾ, 9 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਗਤ ਗੁਰੂ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਜਗਤ ਮਾਤਾ ਸੁਲੱਖਣੀ ਜੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ, ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ 18 ਸਤੰਬਰ ਦਿਨ ਸ਼ੁੱਕਰਵਾਰ ਨੂੰ ਮਨਾਏ ਜਾ ਰਹੇ 539ਵੇਂ ਵਿਆਹ ਪੁਰਬ ਸਾਲਾਨਾ ਜੋੜ ਮੇਲੇ ਦੇ ਸਬੰਧ ਵਿੱਚ ਜਥੇ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇ. ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਜਗਦੀਪ ਸਿੰਘ ਧਾਰੋਵਾਲੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ, ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ ਦੇ ਵਫ਼ਦ ਨੇ ਐਸਐਸਪੀ ਬਟਾਲਾ ਡਾ. ਮਹਿਤਾਬ ਸਿੰਘ ਦੇ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਮੌਕੇ 'ਤੇ ਜਥੇ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇ. ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡਾ. ਮਹਿਤਾਬ ਸਿੰਘ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਵਿਆਹ ਪੁਰਬ ਨੂੰ ਸਮਰਪਿਤ 16 ਸਤੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਆਰੰਭ ਹੋ ਕੇ 17 ਸਤੰਬਰ ਦਿਨ ਵੀਰਵਾਰ ਦੀ ਸ਼ਾਮ ਨੂੰ ਬਟਾਲਾ ਵਿਖੇ ਆ ਰਹੇ ਮਹਾਨ ਨਗਰ ਕੀਰਤਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਵਾਲੇ ਦਿਨ 18 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 7 ਵਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਘਰ ਇਤਿਹਾਸਕ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਬਟਾਲਾ ਤੋਂ ਸਜਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਦੇ ਸਮੁੱਚੇ ਰੂਟ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਗੋਰਾ ਤੇ ਜਥੇਦਾਰ ਜੱਸਲ ਨੇ ਵਿਆਹ ਪੁਰਬ ਮੌਕੇ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ, ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਤੇ ਦੋਹਾਂ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਵੱਡੀ ਤਦਾਦ ਵਿੱਚ ਲੱਖਾ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਤੇ ਟ੍ਰੈਫਿਕ ਦਾ ਵਿਸ਼ੇਸ਼ ਪ੍ਰਬੰਧ ਕਰਨ ਲਈ ਲਿਖਤੀ ਰੂਪ ਵਿੱਚ ਮੰਗ ਕੀਤੀ।



ਡੀ.ਐਸ.ਮਾਂਗਟ ਵੱਲੋਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਐਸ.ਆਈ.ਆਰ. ਲਈ ਤਾਇਨਾਤ ਅਮਲੇ ਨਾਲ ਗੱਲਬਾਤ

ਹੁਸ਼ਿਆਰਪੁਰ, 9 ਸਤੰਬਰ (ਪਰਮਿੰਦਰ ਘੁੰਮਣ): ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਪ੍ਰਕਿਰਿਆ ਦੀ ਜ਼ਿਲ੍ਹੇ ਵਿੱਚ ਸਮੀਖਿਆ ਲਈ ਰਾਜ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਨਿਯੁਕਤ ਕੀਤੇ ਰੋਲ ਆਬਜ਼ਰਵਰ ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਤੇ ਸਕੱਤਰ ਲੋਕਪਾਲ ਡੀ.ਐਸ.ਮਾਂਗਟ ਨੇ ਅੱਜ ਇਥੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਆਸ਼ਿਕਾ ਜੈਨ ਦੀ ਮੌਜੂਦਗੀ ਵਿੱਚ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਐਸ.ਆਈ.ਆਰ. ਲਈ ਤਾਇਨਾਤ ਅਮਲੇ ਨਾਲ ਗੱਲਬਾਤ ਕਰਕੇ ਸਮੁੱਚੀ ਪ੍ਰਕਿਰਿਆ ਦਾ ਜਾਇਜ਼ਾ ਲਿਆ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੋਲ ਆਬਜ਼ਰਵਰ ਡੀ.ਐਸ.ਮਾਂਗਟ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ, ਵਧੀਕ ਡਿਪਟੀ ਕਮਿਸ਼ਨਰ, ਨਗਰ ਨਿਗਮ ਦੇ ਕਮਿਸ਼ਨਰ, ਐਸ.ਡੀ.ਐਮਜ਼-ਕਮ-ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ ਤੇ ਸੈਕਟਰ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਤਾਕੀਦ ਕੀਤੀ ਕਿ ਕਿਸੇ ਵੀ ਯੋਗ ਵੋਟਰ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਣ ਤੋਂ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਡਰਾਫਟ ਵੋਟਰ ਸੂਚੀ ਵਿਚ ਜੇਕਰ ਕਿਸੇ ਯੋਗ ਵੋਟਰ ਦਾ ਨਾਮ ਕਿਸੇ ਕਾਰਨ ਨਹੀਂ ਆਇਆ ਤਾਂ ਉਹ ਸਬੰਧਤ ਅਧਿਕਾਰੀਆਂ ਕੋਲ 12 ਸਤੰਬਰ ਤੱਕ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣੀ ਵੋਟ ਯਕੀਨੀ ਬਣਾ ਸਕਦੇ ਹਨ ਕਿਉਂਕਿ ਚੋਣ ਕਮਿਸ਼ਨ ਵੱਲੋਂ ਡਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ ਉਪਰੰਤ ਦਾਅਵੇ ਤੇ ਇਤਰਾਜ਼ ਲਈ 12 ਸਤੰਬਰ ਤੱਕ ਦਾ ਸਮਾਂ ਮੁਕੱਰਰ ਕੀਤਾ ਗਿਆ ਹੈ। ਉਨ੍ਹਾਂ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਉਨ੍ਹਾਂ ਵੱਲੋਂ ਨਿਯੁਕਤ ਕੀਤੇ ਗਏ ਬੂਥ ਲੈਵਲ ਏਜੰਟਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਸਮੇਂ ਸਿਰ ਪੁੱਜਦੇ ਕਰਨ ਨੂੰ ਤਰਜੀਹ ਦੇਣ ਤਾਂ ਜੋ ਕਿਸੇ ਵੀ ਯੋਗ ਵਿਅਕਤੀ ਦੀ ਕਿਸੇ ਵੀ ਕਾਰਨ ਕਰਕੇ ਵੋਟ ਨਾ ਕੱਟੀ ਜਾਵੇ। ਉਨ੍ਹਾਂ ਨੇ ਕਿਹਾ ਕਿ ਐਸ.ਆਈ.ਆਰ. ਪ੍ਰਕਿਰਿਆ ਲਈ ਤਾਇਨਾਤ ਸਮੁੱਚੇ ਅਮਲੇ ਖਾਸ ਕਰ ਬੀ.ਐਲ.ਓਜ਼ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਉਹ ਸੁਚੱਜੇ ਢੰਗ ਨਾਲ ਸਮੁੱਚੀ ਪ੍ਰਕਿਰਿਆ ਨੂੰ ਤੈਅ ਸਮੇਂ ਅੰਦਰ ਨੇਪਰੇ ਚਾੜ੍ਹ ਸਕੇ। ਉਨ੍ਹਾਂ ਕਿਹਾ ਕਿ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ 8 ਅਕਤੂਬਰ 2026 ਤੱਕ ਕੀਤਾ ਜਾਣਾ ਹੈ, ਜਿਸ ਉਪਰੰਤ 12 ਅਕਤੂਬਰ ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।

ਗੋਬਿੰਦਗੜ੍ਹ ਪਬਲਿਕ ਸਕੂਲ 'ਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ



ਮੰਡੀ ਗੋਬਿੰਦਗੜ੍ਹ, 9 ਸਤੰਬਰ (ਰੂਪਲ ਸੂਦ): ਗੋਬਿੰਦਗੜ੍ਹ ਪਬਲਿਕ ਸਕੂਲ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ ਨੂੰ ਸਮਰਪਿਤ ਜਨਮ ਅਸ਼ਟਮੀ ਦਾ ਤਿਉਹਾਰ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਵਾਤਾਵਰਨ ਭਗਤੀ ਤੇ ਖੁਸ਼ੀਆਂ ਦੇ ਰੰਗਾਂ ਨਾਲ ਰੰਗਿਆ ਹੋਇਆ ਨਜ਼ਰ ਆਇਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਪੂਰੇ ਜੋਸ਼ ਨਾਲ ਸਮਾਗਮ ਵਿੱਚ ਭਾਗ ਲਿਆ। ਸਕੂਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਤੇ ਉਨ੍ਹਾਂ ਦੀਆਂ ਲੀਲ੍ਹਾਵਾਂ ਨਾਲ ਸਬੰਧਤ ਮਨਮੋਹਕ ਪ੍ਰਸਤੁਤੀਆਂ ਪੇਸ਼ ਕੀਤੀਆਂ। ਨੰਨੇ-ਮੁੰਨੇ ਵਿਦਿਆਰਥੀ ਸ੍ਰੀ ਕ੍ਰਿਸ਼ਨ ਤੇ ਰਾਧਾ ਦੇ ਸੁੰਦਰ ਪਹਿਰਾਵਿਆਂ ਵਿੱਚ ਸਜੇ ਹੋਏ ਬਹੁਤ ਹੀ ਮਨਮੋਹਕ ਲੱਗ ਰਹੇ ਸਨ। ਵਿਦਿਆਰਥੀਆਂ ਵੱਲੋਂ ਭਜਨ, ਨ੍ਰਿਤ ਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਵਿਦਿਆਰਥੀਆਂ ਨੂੰ ਇਸ ਦਿਹਾੜੇ ਦੀ ਵਧਾਈ ਦਿੰਦਿਆਂ ਇਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਦਾ ਜੀਵਨ ਸਾਨੂੰ ਸੱਚਾਈ, ਧਰਮ, ਪ੍ਰੇਮ, ਨਿਸ਼ਕਾਮ ਕਰਮ ਤੇ ਕਰਤੱਵ ਨਿਭਾਉਣ ਦੀ ਸਿੱਖਿਆ ਦਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਕ੍ਰਿਸ਼ਨ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਚੰਗੇ ਨਾਗਰਿਕ ਬਣਨ ਦਾ ਯਤਨ ਕਰਨ।

ਵਧੀਕ ਡਿਪਟੀ ਕਮਿਸ਼ਨਰ ਢਿੱਲੋਂ ਨੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ

ਬਟਾਲਾ, 9 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਵੀਰ ਸੋਹਲ): ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਗੌਰਾ ਤੇ ਜਥੇਦਾਰ ਗੁਰਨਾਮ ਸਿੰਘ ਜੱਸਲ (ਦੋਵੇਂ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਗੁਰਸਿਮਰਨ ਸਿੰਘ ਢਿੱਲੋਂ, ਵੱਲੋਂ 18 ਸਤੰਬਰ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਦੇ ਸਬੰਧ ਪੁਲਿਸ ਲਾਈਨ ਬਟਾਲਾ ਵਿਖੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਰੀਵਿਊ ਕੀਤਾ ਗਿਆ ਤੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਵਿਆਹ ਪੁਰਬ ਸਮਾਗਮ ਦੀਆਂ ਤਿਆਰੀਆਂ ਪੂਰੀ ਸ਼ਰਧਾ ਤੇ ਭਾਵਨਾ ਨਾਲ ਕਰਨ। ਇਸ ਮੌਕੇ ਸਾਰੰਗਪ੍ਰੀਤ ਸਿੰਘ ਐਸਡੀਐਮ ਬਟਾਲਾ,, ਮੇਅਰ ਭੁਪਿੰਦਰ ਸਿੰਘ ਬਾਜਵਾ, ਚੇਅਰਮੈਨ ਚਰਨਜੀਤ ਸਿੰਘ ਪੁਰੇਵਾਲ, ਜਥੇਦਾਰ ਗੁਰਿੰਦਰਪਾਲ ਸਿੰਘ ਜਗਦੀਪ ਸਿੰਘ ਰੰਧਾਵਾ, ਤੇਜਿੰਦਰਪਾਲ ਸਿੰਘ ਡੀਐਸਪੀ (ਐਚ), ਸੁਖਇੰਦਰ ਸਿੰਘ ਡੀ.ਐਸ.ਪੀ (ਸਿਟੀ), ਅਰਜਨ ਸਿੰਘ ਗਰੇਵਾਲ ਤਹਿਸੀਲਦਾਰ, ਬਲਕਾਰ ਸਿੰਘ, ਵਿਜੇ ਕੁਮਾਰ ਸੁਪਰਡੈਂਟ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਵੱਲੋਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਜੀ ਦੇ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ 17 ਤੇ 18 ਸਤੰਬਰ ਨੂੰ ਨਗਰ ਕੀਰਤਨ ਦੇ ਸਮੁੱਚੇ ਰੂਟ ਸਮੇਟ ਵੱਖ-ਵੱਖ ਪਹਿਲੂਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ, ਜਿਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਗਤਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਕੀਤੇ ਜਾ ਰਹੇ ਕੰਮਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ 18 ਸਤੰਬਰ ਨੂੰ ਵਿਆਹ ਪੁਰਬ ਸਮਾਗਮ ਵਾਲੇ ਦਿਨ ਤੇ ਉਸ ਤੋਂ ਇੱਕ ਦਿਨ ਪਹਿਲਾਂ 17 ਸਤੰਬਰ ਨੂੰ ਗੁਰਦੁਆਰਾ ਸ੍ਰੀ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪਹੁੰਚ ਰਹੇ ਨਗਰ ਕੀਰਤਨ ਦੇ ਸਬੰਧ ਵਿੱਚ ਸਬੰਧਤ ਵਿਭਾਗਾਂ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਦੇਸ਼ ਤੇ ਵਿਦੇਸ਼ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।



'ਮਿਸ਼ਨ ਕਲੀਨ ਪੰਜਾਬ' ਤਹਿਤ ਨਗਰ ਕੌਂਸਲ ਸਰਹਿੰਦ, ਬਸੀ ਪਠਾਨਾ ਤੇ ਅਮਲੋਹ ਵੱਲੋਂ 10ਵੇਂ ਦਿਨ ਵੀ ਸਫ਼ਾਈ ਮੁਹਿੰਮ ਜਾਰੀ

ਅਮਲੋਹ, 9 ਸਤੰਬਰ (ਜਸਵੰਤ ਸਿੰਘ): ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ ਤੇ ਸੁੰਦਰ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ਗਏ 'ਮਹਾਂ-ਸਫ਼ਾਈ ਅਭਿਆਨ' ਤਹਿਤ ਨਗਰ ਕੌਂਸਲ ਸਰਹਿੰਦ, ਬਸੀ ਪਠਾਨਾ ਤੇ ਅਮਲੋਹ ਵੱਲੋਂ ਸਫ਼ਾਈ ਮੁਹਿੰਮ ਦੇ 10ਵੇਂ ਦਿਨ ਸ਼ਹਿਰਾਂ ਦੇ ਵੱਖ-ਵੱਖ ਇਲਾਕਿਆਂ ਵਿੱਚ ਵਿਸ਼ੇਸ਼ ਸਫ਼ਾਈ ਕਾਰਜ ਕਰਵਾਏ ਗਏ। ਇਸ ਤਹਿਤ ਨਗਰ ਕੌਂਸਲ ਸਰਹਿੰਦ ਵੱਲੋਂ ਵਾਰਡ ਨੰਬਰ 4 ਤੇ 6 ਵਿੱਚ, ਨਗਰ ਕੌਂਸਲ ਬਸੀ ਪਠਾਨਾ ਵੱਲੋਂ ਮੁਹੱਲਾ ਕਿਲਾ ਵਿਖੇ ਤੇ ਨਗਰ ਕੌਂਸਲ ਅਮਲੋਹ ਵੱਲੋਂ ਖੰਨਾ ਰੋਡ ਦੇ ਆਲੇ-ਦੁਆਲੇ ਦੇ ਖੇਤਰਾਂ ਦੀ ਸਫ਼ਾਈ ਕਰਵਾਈ ਗਈ। ਸਫ਼ਾਈ ਕਰਮਚਾਰੀਆਂ ਵੱਲੋਂ ਸੜਕਾਂ ਤੋਂ ਕੂੜਾ-ਕਰਕਟ ਹਟਾਉਣ ਦੇ ਨਾਲ-ਨਾਲ ਜਨਤਕ ਥਾਵਾਂ ਸਫ਼ਾਈ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਇਆ। ਇਸ ਮੌਕੇ ਕੌਂਸਲ ਅਧਿਕਾਰੀਆਂ ਨੇ ਲੋਕਾਂ ਨੂੰ ਆਪਣੇ ਘਰਾਂ ਤੇ ਆਲੇ-ਦੁਆਲੇ ਦੇ ਖੇਤਰਾਂ ਦੀ ਸਫ਼ਾਈ ਬਣਾਈ ਰੱਖਣ ਦੀ ਅਪੀਲ ਕਰਦਿਆਂ ਗਿਲੇ ਤੇ ਸੁੱਕੇ ਕੂੜੇ ਸਮੇਤ ਚਾਰ ਪ੍ਰਕਾਰ ਦੇ ਕੂੜੇ ਨੂੰ ਵੱਖ-ਵੱਖ ਕਰਕੇ ਨਿਰਧਾਰਿਤ ਡਸਟਬੀਨਜ਼ ਵਿੱਚ ਪਾਉਣ ਲਈ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਸ਼ਹਿਰ ਬਣਾਉਣ ਲਈ ਸਰਕਾਰੀ ਯਤਨਾਂ ਦੇ ਨਾਲ-ਨਾਲ ਲੋਕਾਂ ਦੀ ਸਰਗਰਮ ਭਾਗੀਦਾਰੀ ਵੀ ਜ਼ਰੂਰੀ ਹੈ। ਕੌਂਸਲ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਕਿਹਾ ਕਿ ਉਹ ਸਫ਼ਾਈ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਤੇ ਜ਼ਿਲ੍ਹੇ ਨੂੰ ਸਾਫ਼, ਸੁੰਦਰ ਤੇ

ਵਿਧਾਇਕ ਗਿਆਸਪੁਰਾ ਨੇ ਪਾਇਲ ਹਲਕੇ ਦੇ 109 ਪਿੰਡਾਂ ਗ੍ਰਾਂਟ ਵੰਡੀ

ਪਾਇਲ, ਲੁਧਿਆਣਾ, 9 ਸਤੰਬਰ (ਸੰਜੀਵ ਲਹਿਲ) : ਹਲਕਾ ਪਾਇਲ ਦੇ ਪੇਂਡੂ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਦੇ ਮਕਸਦ ਨਾਲ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਰੰਗਲਾ ਪੰਜਾਬ ਯੋਜਨਾ ਤਹਿਤ ਦੋਰਾਹਾ ਅਤੇ ਮਲੌਦ



ਬਲਾਕ ਅਧੀਨ ਆਉਂਦੇ 109 ਪਿੰਡਾਂ ਦੀਆਂ ਪੰਚਾਇਤਾਂ ਨੂੰ 5 ਕਰੋੜ 19 ਲੱਖ ਰੁਪਏ ਦੀਆਂ ਗ੍ਰਾਂਟਾਂ ਵੰਡੀਆਂ ਗਈਆਂ। ਗ੍ਰਾਂਟਾਂ ਦੇ ਚੈਕ ਪੰਚਾਇਤਾਂ ਨੂੰ ਸੌਂਪਦਿਆਂ ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ।

ਵਿਧਾਇਕ ਗਿਆਸਪੁਰਾ ਨੇ ਦੱਸਿਆ ਕਿ ਮੁੱਖ ਮੰਤਰੀ ਮਾਨ ਵੱਲੋਂ ਪਾਇਲ ਹਲਕੇ ਦੇ ਪੇਂਡੂ ਖੇਤਰਾਂ ਦੇ ਵਿਕਾਸ ਲਈ 10 ਕਰੋੜ ਰੁਪਏ ਦੀ ਗ੍ਰਾਂਟ ਭੇਜੀ ਗਈ, ਜਿਸ ਵਿੱਚੋਂ 5 ਕਰੋੜ 19 ਲੱਖ ਰੁਪਏ ਹੁਣ 109 ਪਿੰਡਾਂ ਨੂੰ ਵੰਡੇ ਗਏ ਹਨ।

ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਅਵਿਨਾਸ਼ਪ੍ਰੀਤ ਸਿੰਘ ਜੱਲ੍ਹਾ, ਦੋਰਾਹਾ ਨਗਰ ਕੌਂਸਲ ਦੇ ਪ੍ਰਧਾਨ ਅਨਮੋਲ ਸ਼ਰਮਾ ਐਨੀ, ਸਾਬਕਾ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ, ਪਾਇਲ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਬੂਟਾ ਸਿੰਘ ਰਾਣੋਂ, ਪਰਗਟ ਸਿੰਘ ਸਿਆੜ, ਸਰਪੰਚ ਅਮਨਦੀਪ ਸਿੰਘ ਕੂਹਲੀ ਖੁਰਦ ਸਮੇਤ ਵੱਖ-ਵੱਖ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ ਅਤੇ ਹੋਰ ਆਗੂ ਹਾਜ਼ਰ ਸਨ।

ਯੂਨੀਅਨ ਬੈਂਕ ਆਫ਼ ਇੰਡੀਆ
ਭਾਰਤ ਸਰਕਾਰ ਦਾ ਇੱਕ ਅਦਾਰਾ

Union Bank of India
A Government of India Undertaking

ਖੇਤਰੀ ਦਫ਼ਤਰ: ਬਠਿੰਡਾ
ਐਸਸੀਐਫ-136-137, ਰੋਜ਼ ਗਾਰਡਨ ਕੰਪਲੈਕਸ, ਨੇੜੇ ਮਿੱਤਲ ਮਾਲ, ਗੋਨਿਆਣਾ ਰੋਡ, ਬਠਿੰਡਾ-151001

ਈ-ਨਿਲਾਮੀ ਵਿਕਰੀ ਨੋਟਿਸ

ਅੰਤਿਕਾ-IV-A [ਨਿਯਮ 8(6) ਦੇ ਪ੍ਰਾਵਧਾਨ ਵੇਖੋ] ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਨੋਟਿਸ

ਵਿੱਤੀ ਜਾਇਦਾਦਾਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਲਾਗੂਕਰਨ ਅਧੀਨ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹਿਆ ਜਾਂਦਾ ਹੈ

ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਕਰਜ਼ਦਾਤਾ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਉਸਾਰੂ/ਸੰਕੇਤਕ ਕਬਜ਼ਾ ਯੂਨੀਅਨ ਬੈਂਕ ਆਫ਼ ਇੰਡੀਆ ਦੇ ਅਧਿਕਾਰਤ ਅਧਿਕਾਰੀ (ਸੁਰੱਖਿਅਤ ਲੈਣਦਾਰ) ਦੁਆਰਾ ਲਿਆ ਗਿਆ ਹੈ, ਨੂੰ "ਜਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਤੇ ਅਤੇ "ਜੋ ਕੁਝ ਵੀ ਹੈ" ਵੇਚਿਆ ਜਾਵੇਗਾ ਹੇਠਾਂ ਦੱਸੀ ਗਈ ਮਿਤੀ ਨੂੰ, ਯੂਨੀਅਨ ਬੈਂਕ ਆਫ਼ ਇੰਡੀਆ ਨੂੰ ਹੇਠਾਂ ਦੱਸੇ ਗਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬਕਾਏ ਦੀ ਵਸੂਲੀ ਲਈ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਦਾ ਵੀ ਇੱਥੇ ਜ਼ਿਕਰ ਕੀਤਾ ਗਿਆ ਹੈ:

ਲ. ਨੰ.	ਸ਼ਾਖਾ ਦਾ ਨਾਮ	ਖਾਤਾ ਕਰਜ਼ਦਾਰ (ਾਂ)/ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਦਾ ਨਾਮ	ਸੁਰੱਖਿਅਤ ਅਸਾਸਿਆਂ ਦੇ ਵੇਰਵੇ	ਕਰਜ਼ ਬਕਾਇਆ (ਮੰਗ ਸੂਚਨਾ ਰਕਮ)	ਵਿਕਰੀ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ / ਬਿਆਨਾ ਰਕਮ
1.	ਮੁਕਤਸਰ ਸ਼ਾਖਾ (535494)	ਕਰਜ਼ਦਾਰ: 1: ਸ਼੍ਰੀ ਡਿਪਟੀ ਸਰੂਪ ਸ਼ਰਮਾ ਪੁੱਤਰ ਸ਼੍ਰੀ ਮੰਗਤ ਰਾਏ ਸ਼ਰਮਾ, ਵਾਸੀ #110002, ਭਗਤ ਸਿੰਘ ਨਗਰ, ਗਲੀ ਨੰਬਰ 1, ਮੁਕਤਸਰ, ਪੰਜਾਬ- 152026, 2. ਸ਼੍ਰੀਮਤੀ ਕਮਲੇਸ਼ ਰਾਣੀ ਪਤਨੀ ਸ਼੍ਰੀ ਮੰਗਤ ਰਾਏ, ਗਲੀ ਨੰਬਰ 4, ਹਰਗੋਬਿੰਦ ਨਗਰ, ਮੁਕਤਸਰ, ਪੰਜਾਬ-152026 (ਕਰਜ਼ਦਾਰ) ਸ਼੍ਰੀ ਗੋਪਾਲ ਕ੍ਰਿਸ਼ਨ ਪੁੱਤਰ ਰਮੇਸ਼ ਕੁਮਾਰ, ਵਾਸੀ ਮੇਨ ਗਲੀ, ਤਿਲਕ ਨਗਰ, ਮੁਕਤਸਰ, ਪੰਜਾਬ (ਜ਼ਾਮਨ)	ਰਿਹਾਇਸ਼ੀ ਮਕਾਨ ਦਾ ਸਾਰੇ ਭਾਗ ਅਤੇ ਹਿੱਸੇ 5-1/2 ਮਰਲੇ 11/2400 60 ਕਨਾਲ 0 ਮਰਲੇ ਖੇਵਟ ਨੰ. 1104 ਖਤੌਨੀ ਨੰ.1883, ਖਸਰਾ ਨੰ.1925(60-0) ਸਾਲ 2005-06 ਲਈ ਜਮ੍ਹਾਂਬੰਦੀ, (ਜਮਾਬੰਦੀ ਸਾਲ 2010-11 ਅਨੁਸਾਰ- ਖੇਵਟ ਨੰ. 1186 ਖਤੌਨੀ ਨੰ. 1962) ਵਸੀਕਾ ਨੰ. 36603, ਸੀ.ਆਈ. ਮੁਕਤਸਰ-2, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਹੱਦਬਸਤ ਨੰ: 54, ਮਕਾਨ ਨੰ. 10105, ਗਲੀ ਨੰ. 4, ਹਰਗੋਬਿੰਦ ਨਗਰ, ਥਾਂਦੇ ਵਾਲਾ ਰੋਡ, ਮੁਕਤਸਰ ਸ਼੍ਰੀਮਤੀ ਨਾਲ ਸਬੰਧਤ ਹੈ। ਕਮਲੇਸ਼ ਰਾਣੀ ਪਤਨੀ ਸਵਰਗੀ ਸ੍ਰੀ ਮੰਗਤ ਰਾਏ ਸ਼ਰਮਾ। ਸੀਮਾਵਾਂ: ਪੂਰਬ- ਰਿਹਾਇਸ਼ੀ ਮਕਾਨ 56-3, ਪੱਛਮ- ਰਿਹਾਇਸ਼ੀ ਮਕਾਨ 56-3, ਉੱਤਰੀ- ਸਟਰੀਟ 27-0, ਦੱਖਣ- ਪਲਾਟ 27-0।	Rs.2,35,297.56 ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.20,20,000.00 ₹.2,02,000.00
2.	ਨਾਭਾ ਸਰਕੁਲਰ ਰੋਡ ਸ਼ਾਖਾ (916064)	ਕਰਜ਼ਦਾਰ: 1. ਮੈਸਰਜ਼ ਰਾਮ ਮੂਰਤੀ ਐਂਡ ਕੰਪਨੀ (ਪ੍ਰੋ. ਸੰਜੇ ਮਿੱਤਲ), ਦੁਕਾਨ ਨੰਬਰ 17 ਏ, ਨਵੀਂ ਅਨਾਜ ਮੰਡੀ, ਨਾਭਾ, ਪਟਿਆਲਾ, ਪੰਜਾਬ - 147201. 2. ਸ਼. ਸੰਜੇ ਮਿੱਤਲ ਪੁੱਤਰ ਸ. ਰਾਮ ਮੂਰਤੀ (ਮਾਲਕ), ਵਾਸੀ ਮਿੱਤਲ ਲੱਜ, ਕ੍ਰਿਸ਼ਨਾਪੁਰੀ, ਨੇੜੇ ਵਿਸ਼ਵਕਰਮਾ ਚੌਕ, ਸਦਰ ਥਾਣਾ ਰੋਡ, ਨਾਭਾ, ਪਟਿਆਲਾ, ਪੰਜਾਬ 147201 (ਕਰਜ਼ਦਾਰ) ਸ਼. ਰਾਮ ਮੂਰਤੀ ਪੁੱਤਰ ਸਰੂਪ ਚੰਦ, ਵਾਸੀ ਮਿੱਤਲ ਲੱਜ, ਕ੍ਰਿਸ਼ਨਾਪੁਰੀ, ਨੇੜੇ ਵਿਸ਼ਵਕਰਮਾ ਚੌਕ, ਸਦਰ ਥਾਣਾ ਰੋਡ, ਨਾਭਾ, ਪਟਿਆਲਾ, ਪੰਜਾਬ-147201 (ਜ਼ਾਮਨ)	ਕ੍ਰਿਸ਼ਨਾਪੁਰੀ, ਵਿਸ਼ਵਕਰਮਾ ਚੌਕ ਦੇ ਨੇੜੇ, ਸਦਰ ਥਾਣਾ ਰੋਡ, ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ 225 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਰਜਿਸਟਰਡ ਸੇਲ ਡੀਡ ਨੰਬਰ 3699, ਬਹੀ ਨੰਬਰ 1, ਜ਼ਿਲਦ ਨੰਬਰ 233, ਪੰਨਾ ਨੰਬਰ 48, ਸਬ ਰਜਿਸਟਰਾਰ, ਨਾਭਾ ਨਾਲ 17.02.1989 ਨੂੰ ਰਜਿਸਟਰਡ ਸ਼੍ਰੀ ਰਾਮ ਮੂਰਤੀ ਪੁੱਤਰ ਸਰੂਪ ਚੰਦ ਦੀ ਮਲਕੀਅਤ ਦੁਆਰਾ ਖਰੀਦੇ ਗਏ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: 12'-0" ਚੌੜੀ ਗਲੀ (35'-9"), ਪੱਛਮ: 12'-0" ਚੌੜੀ ਗਲੀ (32'-9"), ਉੱਤਰ: ਭਗਵੰਤੀ ਦਾ ਘਰ (61' 0"), ਦੱਖਣ: ਕਿਰਨ ਕੁਮਾਰੀ (56'-9") ਅਸਲ ਅਨੁਸਾਰ।	Rs.40,48,364.02 ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.60,00,000.00 ₹.6,00,000.00
3.	ਲੁਮੋਅਬੀ ਪਟਿਆਲਾ ਸ਼ਾਖਾ (06102)	ਸ਼੍ਰੀ ਸੁਰਿੰਦਰ ਸਿੰਘ ਲਾਲੀ ਸਪੁੱਤਰ ਸੁਖਦੇਵ ਸਿੰਘ, ਬੀ. 4/371, ਧੀਰੂ ਕੀ ਮਾਜਰੀ ਸੁਨਾਮੀ ਗੇਟ, ਪਟਿਆਲਾ, ਪੰਜਾਬ - 147001, ਸਹਿ ਬਿਨੈਕਾਰ: ਸ਼੍ਰੀਮਤੀ ਗੀਤਾ ਪਤਨੀ ਸੁਰਿੰਦਰ ਲਾਲੀ ਬੀ. 4/371, ਧੀਰੂ ਕੀ ਮਾਜਰੀ ਸੁਨਾਮੀ ਗੇਟ, ਪਟਿਆਲਾ, ਪੰਜਾਬ - 147001, (ਕਰਜਦਾਰ): ਸ਼੍ਰੀ ਸ਼ਸ਼ੀ ਕੁਮਾਰ ਸਪੁੱਤਰ ਸ਼੍ਰੀ ਸ਼ੰਕਰ ਦਾਸ , 375, ਧੀਰੂ ਕੀ ਮਾਜਰੀ ਸੁਨਾਮੀ ਗੇਟ, ਪਟਿਆਲਾ, ਪੰਜਾਬ - 147001, (ਜ਼ਾਮਨ)	ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਨੰਬਰ ਬੀ-4/542 ਹੈ, 35 ਵਰਗ ਗਜ਼ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ, ਧੀਰੂ ਕੀ ਮਾਜਰੀ, ਤਹਿਸੀਲ ਅਤੇ ਜ਼ਿਲ੍ਹਾ, ਪਟਿਆਲਾ ਵਿਖੇ ਸਥਿਤ ਹੈ। ਵਿਕਰੀ ਡੀਡ ਅਨੁਸਾਰ ਹੱਦਬੰਦੀ:- ਪੂਰਬ: ਚਾਨਣ ਸਿੰਘ ਦਾ ਮਕਾਨ, ਪੱਛਮ: ਲਾਲ ਚੰਦ ਦਾ ਮਕਾਨ, ਉੱਤਰ: ਕੁਲਦੀਪ ਸਿੰਘ ਦਾ ਮਕਾਨ, ਦੱਖਣ: 15'-0" ਚੌੜੀ ਸੜਕ	Rs.3,02,367/- ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.3,70,000.00 ₹.37,000.00
4.	ਲੁਮੋਅਐਬੀ ਪਟਿਆਲਾ ਸ਼ਾਖਾ (06102)	ਸ਼੍ਰੀ ਸ਼ੋਏਬ ਅਹਿਮਦ ਖਾਨ ਪੁੱਤਰ ਸ਼੍ਰੀ ਹਬੀਬ ਅਹਿਮਦ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ, ਬਰੀਵਾਲਾ ਨਗਰ, ਪਟਿਆਲਾ-147001. ਕਰਜ਼ਦਾਰ : ਸ਼੍ਰੀ ਲੁਬਨਾ ਪਰਵੀਨ ਪਤਨੀ ਸ਼੍ਰੀ ਸ਼ੋਏਬ ਅਹਿਮਦ ਖਾਨ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ, ਬਰੀਵਾਲਾ ਨਗਰ, ਪਟਿਆਲਾ-147001. ਜ਼ਾਮਨ: ਸ਼੍ਰੀ ਅਖਤਰ ਅਲੀ ਪੁੱਤਰ ਮੁਹੰਮਦ ਸਲੀਮ, ਐਲਆਈਜੀ ਫਲੈਟ 501 (ਗਰਾਊਂਡ ਫਲੋਰ), ਸ਼ਹੀਦ ਸੇਵਾ ਸਿੰਘ, ਬਰੀਵਾਲਾ ਨਗਰ, ਪਟਿਆਲਾ-147001.	ਫਲੈਟ ਨੰਬਰ 501 ਗਰਾਊਂਡ ਫਲੋਰ, 594 ਵਰਗ ਫੁੱਟ ਦਾ ਸਾਰਾ ਹਿੱਸਾ ਅਤੇ ਪਾਰਸਲ, ਸ਼ਹੀਦ ਸੇਵਾ ਸਿੰਘ, ਬਰੀਵਾਲਾ ਨਗਰ, ਪਟਿਆਲਾ ਵਿਖੇ ਸਥਿਤ, ਸ਼ੋਏਬ ਅਹਿਮਦ ਖਾਨ ਦੀ ਹੈ। ਵਿਕਰੀ ਡੀਡ ਅਨੁਸਾਰ ਸੀਮਾਵਾਂ:- ਪੂਰਬ: ਸੜਕ, ਪੱਛਮ: ਸੜਕ, ਉੱਤਰ: ਐਲਆਈਜੀ ਫਲੈਟ ਨੰਬਰ 502, ਦੱਖਣ: ਐਲਆਈਜੀ ਫਲੈਟ ਨੰਬਰ 500	Rs.12,26,381.35/- ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.10,00,000.00 ₹.1,00,000.00
5.	ਬਰਨਾਲਾ ਸ਼ਾਖਾ (62340)	ਮੈਸ. ਮਾਨ ਆਟਾ ਚੱਕੀ ਪ੍ਰੋਪ ਸ਼੍ਰੀ ਜਰਨੈਲ ਸਿੰਘ ਪੁੱਤਰ ਸਮਰ ਸਿੰਘ, ਛੀਨੀਵਾਲ, ਛੀਨੀਵਾਲ ਕਲਾਂ, ਬਰਨਾਲਾ, ਪੰਜਾਬ -148101, ਮ੍ਰਿਤਕ ਦੀ ਜਾਇਦਾਦ ਸ਼੍ਰੀ ਜਰਨੈਲ ਸਿੰਘ ਪੁੱਤਰ ਸਮਰ ਸਿੰਘ, ਜਿਸਦੀ ਪ੍ਰਤੀਨਿਧਤਾ ਹੇਠ ਲਿਖੇ ਅਨੁਸਾਰ ਹੈ: (ੳ) ਸ਼੍ਰੀਮਤੀ ਹਰਵਿੰਦਰ ਕੌਰ ਪਤਨੀ ਜਰਨੈਲ ਸਿੰਘ, (ਅ) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ, (ੲ) ਸ਼੍ਰੀਮਤੀ ਸੋਨੀ ਕੌਰ ਪੁੱਤਰੀ ਜਰਨੈਲ ਸਿੰਘ, ਸਾਰੇ ਪਿੰਡ ਛੀਨੀਵਾਲ ਕਲਾਂ, ਤਹਿਸੀਲ ਮਹਿਲ ਕਲਾਂ, ਬਰਨਾਲਾ, ਪੰਜਾਬ -148101 ਦੇ ਵਸਨੀਕ (ਕਰਜ਼ਦਾਰ) ਸ਼੍ਰੀ ਸੁਦਾਗਰ ਸਿੰਘ ਮਾਨ ਪੁੱਤਰ ਸਮਰ ਸਿੰਘ, ਮਕਾਨ ਨੰਬਰ - 177, ਪੁਲਿਸ ਲਾਈਨ ਸਿਵਲ ਲਾਈਨਜ਼ ਕਲਾਂ, ਜ਼ਿਲ੍ਹਾ ਬਰਨਾਲਾ, ਪੰਜਾਬ - 148100 (ਜ਼ਾਮਨ)	ਖੇਵਟ ਨੰਬਰ 188/268 ਖਸਰਾ ਨੰਬਰ 499 (1-10) ਦੇ 0 ਕਨਾਲ 3.33 ਮਰਲੇ ਦੀ ਵਪਾਰਕ ਜ਼ਮੀਨ ਅਤੇ ਇਮਾਰਤ ਦਾ ਸਾਰਾ ਹਿੱਸਾ 1 ਕੁੱਲ 1 ਕਨਾਲ 10 ਮਰਲੇ 1/9 ਹਿੱਸੇ ਵਿੱਚ ਪਿੰਡ ਛੀਨੀਵਾਲ ਕਲਾਂ-ਏ, ਤਹਿਸੀਲ ਅਤੇ ਜ਼ਿਲ੍ਹਾ ਬਰਨਾਲਾ ਵਿਖੇ ਸਥਿਤ ਸ਼੍ਰੀ ਜਰਨੈਲ ਸਿੰਘ ਪੁੱਤਰ ਸ਼੍ਰੀ ਸਮਰ ਸਿੰਘ ਦੀ ਮਲਕੀਅਤ ਹੈ। ਵਿਕਰੀ ਡੀਡ ਅਨੁਸਾਰ ਸੀਮਾਵਾਂ :- ਪੂਰਬ: ਸਾਈਡ 38' ਰਸਤਾ, ਪੱਛਮ: ਸਾਈਡ 38' ਮਾਲਕ, ਉੱਤਰ: ਸਾਈਡ 25' ਰਸਤਾ ਦੱਖਣ: ਸਾਈਡ 25 ਰਸਤਾ	Rs. 2650092.72 ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.13,00,000.00 ₹.1,30,000.00
6.	ਧੂਰੀ ਸ਼ਾਖਾ (916064)	ਕਰਜ਼ਦਾਰ (ਾਂ) 1. ਸ਼੍ਰੀ ਬਲਜਿੰਦਰ ਸਿੰਘ ਸਪੁੱਤਰ ਕੇਰ ਸਿੰਘ, ਬਾਗਡੀਆਂ ਰੋਡ, ਨਹਿਰੂ ਮਾਰਕਿਟ, ਵਾਰਡ ਨੰ. 4, ਧੂਰੀ, ਸੰਗਰੂਰ, ਪੰਜਾਬ ਪਿੰਨ ਕੋਡ-148024	ਵਾਰਡ ਨੰ. 1, ਬਾਗਡੀਆਂ ਰੋਡ, ਬਰਦਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ, ਪੰਜਾਬ ਵਿਖੇ ਸਥਿਤ ਖਾਤਾ ਨੰ. 357/739 (ਪੁਰਾਣਾ), 580/822 (ਨਵਾਂ), ਖਸਰਾ ਨੰ. 147//9/5-2, 147//16/2/0-4, 148// 10/6-5, 148//11/6-5, 148//12/6-5, 148//13/1/3-15, 148//14/1/2/5-8, 148//15/4-17, 153//2/1/4/1-19, 153//3/1/4/0-5 ਦੇ ਅਧੀਨ ਵਿਕਰੀ ਡੀਡ ਨੰਬਰ 3293 ਮਿਤੀ 01.12.2003 ਦੇ ਅਧੀਨ 400 ਵਰਗ ਗਜ਼ ਦੀ ਰਿਹਾਇਸ਼ੀ ਸੰਪੱਤੀ ਦੀ ਨਿਆਂਸੰਗਤ ਗਿਰਵੀ ਦੇ ਸਾਰੇ ਭਾਗ ਅਤੇ ਹਿੱਸੇ ਵਿਕਰੀ ਡੀਡ ਅਨੁਸਾਰ ਹੱਦਾਂ : ਪੂਰਬ : ਦਿਲਬਾਗ ਸਿੰਘ ਥਾਹੀ 22 ਫੁੱਟ, ਪੱਛਮ : ਪੁਸ਼ਪਾ ਸਿੰਗਲਾ ਥਾਹੀ 27 ਫੁੱਟ, ਉਤਰ : ਗਲੀ ਚੌੜੀ 10 ਫੁੱਟ, ਥਾਹੀ 34 ਫੁੱਟ, 8 ਇੰਚ, ਦੱਖਣ : ਹੁਸ਼ਿਆਰ ਸਿੰਘ ਥਾਹੀ 34 ਫੁੱਟ 8 ਇੰਚ।	Rs.5,14,001.00 ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਵਿਆਜ ਅਤੇ ਲਾਗਤ ਦੇ ਨਾਲ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਤਾਂ ਘਟਾਓ।	29-09-2026 12:00 Noon to 05:00PM	₹.12,15,000.00 ₹.1,21,500.00

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ **https://baanknet.com** ਅਤੇ **www.unionbankofindia.co.in** ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।ਰਜਿਸਟ੍ਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ **https://baanknet.com** ਦੇ ਹੋਮ ਪੇਜ ਵਿੱਚ ਦਿੱਤੇ ਗਏ ਖਰੀਦਦਾਰ ਮੈਨੂਅਲ ਲਿੰਕ 'ਤੇ ਜਾਓ।

ਕਾਨੂੰਨੀ ਹਿੱਤ (ਲਾਗੂ) ਨਿਯਮ 2002 ਦੇ ਨਿਯਮ 8(6) ਨਿਯਮ 9(1) ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ

ਮਿਤੀ : 10.09.2026 ਅਧਿਕਾਰਤ ਅਧਿਕਾਰੀ

KOTAK MAHINDRA BANK LIMITED

Regd office: 27BKC, C 27, G Block, Bandra Kurla Complex, Bandra (E), Mumbai 400 051 **Corporate office:** Kotak Infiniti, Bldg No 21, Infinity Park, General AK Vaidya Marg, Malad (E), Mumbai 400 097 **www.kotak.com**

AUCTION - NOTICE

That the below mentioned Borrower/s had availed gold loan facility against security of the gold ornaments/ items, as specified below. The Borrower/s defaulted in due repayment of the installments and outstanding dues and as a result of which the Bank was constrained to issue notices calling upon the Borrower/s to repay the outstanding amounts. However, the Borrower/s has failed to repay/clear his outstanding dues thereby compelling the Bank to auction the gold ornaments pledged in favour of the Bank.

The auction of the below mentioned gold ornaments would be held on/after at :**-Date: 20-SEP-2026 Time: 10.00 AM** Place: Respective Branch Premises/E-Auction

Appl#	Apac/ Account No	Borrower Name	State	Location	Branch	Gross weight (In Gms)
GLN	4184006	RAJBIR KAUR	PUNJAB&CHANDIGARH	LUDHIANA	AEASTMNAGA	31.80
GLN	4397241	SAHIL .	PUNJAB&CHANDIGARH	LUDHIANA	AMRITSAR	25.00
GLN	4382819	POONAM KHANNA	PUNJAB&CHANDIGARH	LU

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In The Court of Sh. Kuldeep Singh
Civil Judge Jr. Div., Chandigarh
CNR No. CHCH02-005285-2026
Next Date: 16.10.2026
Simro Devi
Versus
General Public
Notice To: 1. General Public, Chandigarh 2. Uttam Chand S/O Jewa Ram R/O Hno 2113 Sector 24 C Chandigarh 3.Nasim Ahmed R/O Hno 528 Vpo Burail Chandiagrh 4. Zahira, R/O Hno 528 Vpo Burail Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 16.10.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 08-09-2026
Sd/- Civil Judge Jr. Div., Chandigarh

In The Court of Ms. Samiksha Jain
Judicial Magistrate First Class-17, Jalandhar
CNR No. PBJL03-022116-2025
Next Date: 08.10.2026
NACT/4860/2025
Amrit Malwa Capital Ltd
Versus
Jasvir Kaur
Notice To: Jasvir Kaur :- W/O Hardeep Singh R/O Village Nariderpura Urf Baglianwala Mansa Punjab 151505
In above titled case the accused could not be served. It is ordered that accused should appear in person or through counsel on 08.10.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 31-08-2026
Sd/- Judicial Magistrate First Class-17, Jalandhar

Civil Courts, Ludhiana
In The Court of Ms. Dazy Bangarh
Civil Judge (Senior Division), Ludhiana
CNR No. PBLD02-007618-2026
Peshi: 06.10.2026
Deepak Kumar
Versus
General Public & Anr
Petition For Grant Of Succession Certificate
Notice To: General Public
Whereas the above named petitioner DEEPAK KUMAR has filed petition for the grant of succession certificate regarding the assets left by the deceased late SMT. RAM MURTI W/O LATE VED PARKASH who had died on 12.8.2025. Notice is issued in the name of general public that in case anybody has any objection for the grant of succession certificate, he/she can file objections to the same on or before 06.10.2026 failing which the petition shall be decided in accordance with law.
Given under my hand and the seal of the court, this 28.8.2026
For details logon to https://highcourtchd.gov.in/?trs=district_ notice&district-ludhiana
Sd/- Civil Judge (Senior Division), Ludhiana

(U/o 5 Rule 20 CPC)
In The Court of Ms. Simranjit Kaur
Civil Judge (Junior Division), Amritsar
CNR No. PBAS02-001938-2023
Next Date: 05.10.2026
Bank of India
Versus
Amarjit Singh
CS Recovery
Notice to: 1. Amarjit Singh S/O Bishan Singh R/O Village Makhanwindi, Amritsar 2. Gurcharan Singh R/O Village Makhanwindi, Amritsar
In above titled case the defendant(s)/respondent(s) could not be served it is ordered that the defendant(s)/respondent(s) should appear in person or through counsel on 05.10.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 03-09-2026
Sd/- Civil Judge Junior Division), Amritsar

(U/o 5 Rule 20 CPC)
In The Court of Ms. Radhika Likhi
Civil Judge Junior Division-4, Ferozepur
CNR No. PBFZ02-001477-2024
Next Date: 05.10.2026
Laddi
Versus
Sonu
Notice To: Sonu Father::-Harpal R/ O Q No. 24, Cantonment Board Ferozepur Cantt Through His Legal Heirs (i) Jyoti Widow Of Sonu (ii)Minor Child (iii) Minor Child (Name Of Both The Monrs To Be Disclosed By Jyoti Defendant No.(i), All R/O Fauji Chowk, Near Balmik Basti Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 05.10.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 03-09-2026
Sd/- Civil Judge Junior Division-4, Ferozepur

(U/o 5 Rule 20 CPC)
In The Court of Sh. Ravtesh Inderjit SIngh
Civil Judge Junior Division-1, Fazilka
CNR No. PBFZC1-000752-2025
Next Date: 25.09.2026
Veerpal Kaur
Versus
Sandeep Singh
Notice To: 5. Charanjit Kaur :-Wife Of Sukhpal Singh Resident Of Village Waring, Tehsil And District Mukatsar Sahib 7 Kuldeep Kaur Widow Of Nachattar Singh S/ O Jangir Singh 9 Parshotam Singh S/O Prem Kumar S/O Mangal Dev 15 Raj Kumari W/O Raj Kumar S/O Het Ram R/O Vill Chowarian Wali Tehsil And Dist Fzk
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.09.2026 at 10:00 A.M.
For details logon to https://highcourtchd.gov.in/?mod=district_notice&district=Fazilka
Dated this day of 27-08-2026
Sd/- Civil Judge Junior Division-1, Fazilka

(U/o 5 Rule 20 CPC)
In The Court of Ms. Gurleen Kaur
Civil Judge Junior Division 10, Mohali
CNR No. PBSA02-000084-2026
Next Date: 28.09.2026
Jaswinder Singh
Versus
Gmada
Suit For Declaration To The Effect That The Palintiff And Defendant No. 2 To 3 Are Joint Owners In Possession Of House No. 355, Phase 6, Sector 56.Mohali In Eaqual Shares i.e 1/3 Each A Suit For Mandatory Injunction Directing Def No. 1 To Enter Name & 1/3 Sare Of Plaintiff In Its Records & Suit For Permanent Injunction Restraining Def No. 1 From Entering Names Of Def No.2&3.
Notice To: Tarlochan Singh Father:: Ujjagar Singh Parmar Chopra Engineering Works Village Budmajra Tehsil And Dist Mohali(Near Old Sale Tax Barrier) 160062
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28.09.2026 at 10:00 A.M.
For details logon to https://highcourtchd.gov.in/?mod=district_notice&district=mohali
Dated, this day of 09-09-2026
Sd/- Civil Judge Junior Division 10, Mohali

In The Court of Sh. Sukhmandeep Singh
Judicial Magistrate First Class-3 Abohar
CNR No. PBFZE1-000265-2026
Next Date: 22.10.2026
Vinay Bajaj
Versus
Bindu
Notice To: Bindu Spouse::- Sunil Kumar Nai Abadi Gali No.11, Ist Chowk Backside Divine Light Public School, Near Kandhwala Road Abohar Tehsil Abohar District Fazilka
In above titled case the accused could not be served. It is ordered that accused should appear in person or through counsel on 22.10.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-09-2026
Sd/- Judicial Magistrate First Class-3 Abohar

In The Court of Sh. Dasvinder Singh
Judicial Magistrate- Ist Class, Ludhiana
CNR No. PBLD03-047583-2024
Next Date: 09.10.2026
M/s G.P. Textiles
Versus
M/s Cheap Cloth Store
Notice To: M/S Cheap Cloth Store Ground And First Floor B-005/0886 Purani Anaj Mandi, Fountain Chowk Sirhind Fatehgarh Sahib Through Mudit Tandon 2 Mudit Tandon Prop Of M/S Cheap Cloth Store, Ground And First Floor, B-05/0886, Purani Anaj Mandi, Fountain Chowk, Sirhand
In above titled case the accused could not be served. It is ordered that accused should appear in person or through counsel on 09.10.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-08-2026
Sd/- Judicial Magistrate- Ist Class, Ludhiana

In The Court of Sh. Anurag Arora,
Civil Judge Junior Division, Ajnala
Case No. CS-126-2026
Next Date: 29.09.2026
Parminder Singh
.....Plaintiff
Versus
Manjit Kaur Others
.....Defendant
Notice To: Defendants 3. Kashmir Kaur D/o Nanta Singh S/O Dial Singh At Present W/O Mukhtar Singh R/o Village Tera Rajputtan, Tehsil Ajnala, District Amritsar 4. Balwinder Kaur D/O Nanta Singh S/O Dial Singh At Present W/O Bitu Singh R/O Village Tera Rajputtan, Tehsil Ajnala, District Amritsar 6. Manjit Kaur D/o Nanta Singh S/O Dial Singh At Present W/ O Basant Singh R/O Village Dalla Rajputtan, Tehsil Ajnala, District Amritsar 9. Rashpal Singh S/O Baldev Singh S/P Pritam Singh R/O Village Toor, Tehsil Lopoke, District Amritsar
In above titled petition the resondent could not be served. It is ordered that the respondent should appear in person or through counsel on 29.09.2026 at 10:00 AM.
For details login to eg.- http/high court chd-govt.in/?trs=district notices & distt=Amritsar
Sd/- Civil Judge Junior Division, Ajnala

In The Court of Ms. Harkamal Kaur
Judicial Magistrate- Ist Class, Mansa
CNR No. PBMN03-001319-2022
Next Date: 12.10.2026
M/s Shriram City Union Finance Ltd
Versus
Mukesh Kumar
Notice To: Mukesh Kumar Son: Babu Ram Prop. Of Pawan Cloth House, Opposite Niranjan Arra, Lalluana Road, Mansa, 2) Pawan Cloth House Lalluanan Road, Mansa
In above titled case the accused could not be served. It is ordered that accused should appear in person or through counsel on 12.10.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 08-09-2026
Sd/- Judicial Magistrate- Ist Class, Mansa

(U/o 5 Rule 20 CPC)
(Succession Case)
In The Court of Sh. Sachin Yadav
Addl. Civil Judge (Sr. Divn.), Chandigarh
CNR No. CHCH02-001379-2026
Next Date: 14.10.2026
Bhajoo Devi alias Manju Devi
Versus
General Public
Notice To: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 14.10.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 09-09-2026
Sd/- Addl. Civil Judge (Sr. Divn.), Chandigarh

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਬਾ-ਅਦਾਲਤ ਸ੍ਰੀ ਜਸਪਾਲ ਸਿੰਘ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਅੱਵਲ ਸ਼ਾਹਕੋਟ ਜ਼ਿਲ੍ਹਾ ਜਲੰਧਰ

ਇਸ ਨੋਟਿਸ ਰਾਹੀਂ ਪੰਜਾਬ ਸਰਕਾਰ ਜੀ ਦੇ ਪੱਤਰ ਨੰ: ਮੀ: 25/78/2012 ਭ,ਮ,-2/1/12445/ 7। ਚੰਡੀਗੜ੍ਹ ਮਿਤੀ : 26-07-2013 ਦੇ ਸਬੰਧ ਵਿਚ ਰਿਕਾਰਡ ਮਾਲ ਵਿਚ ਨਾਮ ਦਰੁਸਤ ਕਰਨ ਬਾਰੇ ਪ੍ਰਾਰਥੀ ਜੀਤ ਕੌਰ ਵਿਧਵਾ ਜਗਤ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਬਾਊਪੁਰ ਤਹਿਸੀਲ ਸ਼ਾਹਕੋਟ ਜ਼ਿਲ੍ਹਾ ਜਲੰਧਰ ਨੇ ਦਰਖਾਸਤ ਦਿੱਤੀ ਹੈ। ਇਸ ਨੇ ਕਿਹਾ ਹੈ ਕਿ ਮੇਰਾ ਨਾਮ ਜੀਤ ਕੌਰ ਵਿਧਵਾ ਜਗਤ ਸਿੰਘ ਪੁੱਤਰ ਆਤਮਾ ਸਿੰਘ ਆਈ. ਡੀਆ ਮੁਤਾਬਕ ਸਹੀ ਹੈ। ਜਦਕਿ ਮੇਰਾ ਨਾਮ ਮਾਲ ਰਿਕਾਰਡ ਪਿੰਡ ਬਾਊਪੁਰ ਵਿਚ ਅਜੀਤ ਕੌਰ ਵਿਧਵਾ ਜਗਤ ਸਿੰਘ ਪੁੱਤਰ ਆਤਮਾ ਸਿੰਘ ਚੱਲ ਰਿਹਾ ਹੈ। ਇਸ ਲਈ ਰਿਕਾਰਡ ਮਾਲ ਵਿਚ ਮੇਰਾ ਨਾਮ ਜੀਤ ਕੌਰ ਉਰਫ ਅਜੀਤ ਕੌਰ ਵਿਧਵਾ ਜਗਤ ਸਿੰਘ ਪੁੱਤਰ ਆਤਮਾ ਸਿੰਘ ਲਿਖਿਆ ਜਾਵੇ। ਇਸ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਉਜਰ ਇਤਰਾਜ਼ ਹੋਵੇ ਤਾਂ ਉਹ ਉਕਤ ਅਦਾਲਤ ਵਿਚ 15 ਦਿਨਾਂ ਦੇ ਅੰਦਰ-2 ਪੇਸ਼ ਕਰੇ। ਲਿਖਤੀ ਰੂਪ ਵਿਚ ਇਤਰਾਜ਼ ਨਾ ਆਉਣ ਦੀ ਸੂਰਤ ਵਿਚ ਨਿਯਮਾਂ ਅਨੁਸਾਰ ਰਿਕਾਰਡ ਮਾਲ ਵਿਚ ਨਾਮ ਦੀ ਸੋਧ ਕੀਤੀ ਜਾਵੇਗੀ।
ਸਹੀ/- ਤਹਿਸੀਲਦਾਰ-ਕਮ ਸੀ.ਆਰ.ਓ.ਲੋਹੀਆ।

ਨਾਮ ਦੀ ਬਦਲੀ

ਮੈਂ, ਜੋਤੀ ਰਾਣੀ ਪਤਨੀ ਸਰਦਾਰੀ ਲਾਲ ਵਾਸੀ ਬਜਵਾੜਾ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਾਬਾਲਿਗ ਪੁੱਤਰ ਵੀਹਾਨ ਦਾ ਨਾਮ ਬਦਲ ਕੇ ਵਿਹਾਨ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਜੋਤੀ ਰਾਣੀ ਪਤਨੀ ਸਰਦਾਰੀ ਲਾਲ ਵਾਸੀ ਬਜਵਾੜਾ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਾਬਾਲਿਗ ਪੁੱਤਰ ਲਕਸ਼ ਦਾ ਨਾਮ ਬਦਲ ਕੇ ਲਕਸ਼ ਚੌਧਰੀ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਨਾਮ ਸਪੱਸ਼ਟੀਕਰਨ ਇਸ਼ਤਿਹਾਰ

ਮੈਂ, ਬਲਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ, ਵਾਸੀ ਪਿੰਡ ਕੁੰਬੜਾ, ਸੈਕਟਰ-68, ਤਹਿਸੀਲ ਅਤੇ ਜ਼ਿਲ੍ਹਾ ਮੋਹਾਲੀ ਦਾ ਵਸਨੀਕ ਹਾਂ। ਇਹ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮੈਂ ''ਬਲਬੀਰ ਸਿੰਘ'' ਅਤੇ ''ਬਲਵੀਰ ਸਿੰਘ'' ਦੋਨੋਂ ਨਾਮਾਂ ਨਾਲ ਜਾਣਿਆ ਜਾਂਦਾ ਹਾਂ। ਬਲਬੀਰ ਸਿੰਘ ਅਤੇ ਬਲਵੀਰ ਸਿੰਘ ਇੱਕੋ ਹੀ ਵਿਅਕਤੀ ਦੇ ਨਾਮ ਹਨ ਅਤੇ ਦੋਨੋਂ ਨਾਮ ਮੇਰੇ ਹੀ ਹਨ। ਸਬੰਧਤ ਸਾਰੇ ਵਿਅਕਤੀ ਇਸ ਗੱਲ ਨੂੰ ਨੋਟ ਕਰ ਲੈਣ।

ਅਦਾਲਤੀ ਨੋਟਿਸ

(5 ਨਿਯਮ 20 ਸੀਪੀਸੀ ਅਧੀਨ)
ਸ਼੍ਰੀਮਤੀ ਨਵਜੋਤ ਕੌਰ ਦੀ ਅਦਾਲਤ ਵਿੱਚ
ਸਿਵਲ ਜੱਜ ਜੂਨੀਅਰ ਡਿਵੀਜ਼ਨ, ਚੰਡੀਗੜ੍ਹ
ਭਾਰਤ ਦਾ ਸਟੇਟ ਬੈਂਕ (SBI)
ਬਨਾਮ
ਸ਼੍ਰੀ ਦੀਪਕ ਕੁਮਾਰ
ਸੀਐਨਆਰ ਨੰਬਰ CHCH02-002085-2025
ਅਗਲੀ ਮਿਤੀ:-25-09-2026
ਜਾਰੀ ਕੀਤਾ ਗਿਆ ਪ੍ਰਕਾਸ਼ਨ:
ਸ਼੍ਰੀ ਦੀਪਕ ਕੁਮਾਰ
ਪਿਤਾ: : - ਮਲਕੀਅਤ ਸਿੰਘ 1608 ਫੇਜ਼ 2 ਰਾਮਦਰਬਾਰ ਚੰਡੀਗੜ੍ਹ 160002 ਚੰਡੀਗੜ੍ਹ ਟਰਾਂਸਪੋਰਟ ਅਧੀਨ ਓ/ਓ ਸ਼ਾਮਲ ਕਰੋ ਪਲਾਟ ਨੰਬਰ 701 ਉਦਯੋਗਿਕ ਖੇਤਰ ਪੀਐਚ 1 ਚੰਡੀਗੜ੍ਹ ਉਪਰੋਕਤ ਸਿਰਲੇਖ ਵਾਲੇ ਕੇਸ ਵਿੱਚ, ਪ੍ਰਤੀਵਾਦੀ/ਜਵਾਬਦੇਹ (ਆਂ) ਨੂੰ ਸੇਵਾ ਨਹੀਂ ਦਿੱਤੀ ਜਾ ਸਕੀ। ਇਹ ਹੁਕਮ ਦਿੱਤਾ ਜਾਂਦਾ ਹੈ ਕਿ ਮੁਦਾਲਾ/ਜਵਾਬਦੇਹ **25-09-2026 ਨੂੰ ਸਵੇਰੇ 10:00 ਵਜੇ** ਵਿਅਕਤੀਗਤ ਤੌਰ 'ਤੇ ਜਾਂ ਵਕੀਲ ਰਾਹੀਂ ਪੇਸ਼ ਹੋਣ।
ਸਵੇਰੇ ਵੇਰਵਿਆਂ ਲਈ
https://highcourtchd.gov.in/?trs=district notice&district ਚੰਡੀਗੜ੍ਹ 'ਤੇ ਲੌਗਇਨ ਕਰੋ।
ਅੱਜ ਮਿਤੀ 04-08-2026
ਸਿਵਲ ਜੱਜ ਜੂਨੀਅਰ ਡਿਵੀਜ਼ਨ, ਚੰਡੀਗੜ੍ਹ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫਤਰ : ਸੀਨੀਅਰ ਕਾਰਜਕਾਰੀ ਇੰਜੀਨੀਅਰ (ਵੰਡ) ਮੰਡਲ, ਕੋਟਕਪੂਰਾ)
ਸ੍ਰੀ ਮੁਕਤਸਰ ਸਾਹਿਬ ਰੋਡ, ਕੋਟਕਪੂਰਾ, ਫੋਨ ਨੰਬਰ : 01635-292231 ਈ-ਮੇਲ : xenkotkapura@gmail.com
ਟੈਂਡਰ ਨੋਟਿਸ

ਸੀਨੀਅਰ ਕਾਰਜਕਾਰੀ ਇੰਜ: ਪਾਵਰਕਾਮ, ਕੋਟਕਪੂਰਾ ਦੁਆਰਾ AEE/AE DS Sub Divn., PSPCL, City Kotkapura (ਜ਼ਿਲ੍ਹਾ ਫਰੀਦਕੋਟ) ਦਫਤਰ ਲਈ ਬਾਹਰਲੇ ਸੋਮਿਆਂ ਤੋਂ ਮਹੀਨਾ ਬੱਧ ਕਿਰਾਏ 'ਤੇ ਇੱਕ ਸਾਲ ਲਈ ਲੋੜੀਂਦੀ ਇੱਕ ਨੰ. ਗੱਡੀ Double door : Mohindra Genius / Bolero Camper / Tata 207 / 408 or equivalent in price ਲੈਣ ਲਈ ਟੈਂਡਰ ਇੰਨਕੁਆਰੀ ਨੰ. 03/XEN/DS/KKP/2026-27 ਮਿਤੀ 09.09.2026 ਲਗਾਈ ਗਈ ਹੈ। ਇਸ ਮੰਤਵ ਲਈ ਨਿਮਨ ਹਸਤਾਖਰ ਦੁਆਰਾ ਸੀਲਬੰਦ ਕੁਟੇਸ਼ਨਜ਼ ਮੰਗੀਆਂ ਜਾਂਦੀਆਂ ਹਨ। ਇਛੁੱਕ ਫਰਮਾਂ/ ਠੇਕੇਦਾਰ, AEE/AE DS Sub Divn., PSPCL, City Kotkapura ਦਫਤਰ ਤੋਂ ਟੈਂਡਰ ਡਾਕੂਮੈਂਟਸ/ਨਿਯਮ ਅਤੇ ਸ਼ਰਤਾਂ ਦਾ ਪੂਰਾ ਸੈੱਟ ਪਾਵਰਕਾਮ ਵਿੱਚ ਨਿਰਧਾਰਿਤ ਫੀਸ ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ। ਕੁਟੇਸ਼ਨਜ਼ ਮਿਤੀ ਨੂੰ ਵਜੇ ਤੱਕ ਸੀਨੀਅਰ ਕਾਰਜਕਾਰੀ ਇੰਜੀਨੀਅਰ (ਵੰਡ) ਮੰਡਲ ਦਫਤਰ, ਪਾਵਰਕਾਮ, ਕੋਟਕਪੂਰਾ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਪ੍ਰਾਪਤ ਹੋਈਆਂ ਕੁਟੇਸ਼ਨਜ਼ ਮਿਤੀ 25.09.2026 ਨੂੰ 1:00 PM ਵਜੇ ਖੋਲ੍ਹੀਆਂ ਜਾਣਗੀਆਂ। ਜੇਕਰ ਕੁਟੇਸ਼ਨਜ਼ ਖੋਲ੍ਹਣ ਦੀ ਮਿਤੀ ਨੂੰ ਛੁੱਟੀ ਜਾਂ ਹੜਤਾਲ ਹੁੰਦੀ ਹੈ ਤਾਂ ਟੈਂਡਰ ਅਗਲੇ ਕੰਮ-ਕਾਜ ਵਾਲੇ ਦਿਨ ਉਸੇ ਸਮੇਂ ਅਤੇ ਸਥਾਨ ਤੇ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਖੋਲ੍ਹੀਆਂ ਜਾਣਗੀਆਂ।
ਨੋਟ : ਜੇਕਰ ਕਿਸੇ ਕਾਰਨ ਕਰਕੇ ਟੈਂਡਰ ਪ੍ਰਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਇਸ ਸਬੰਧੀ ਜਾਂ ਕਿਸੇ ਤਰ੍ਹਾਂ ਦਾ ਕੋਈ ਹੋਰ ਕੋਰੀਜ਼ੰਡਮ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ।
C 861 / 26
Ro No.: PR-Advt. No.: 1079/12/2026-27/14990/ Dated CHD :09.09.2026

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫਤਰ : ਸੀਨੀਅਰ ਕਾਰਜਕਾਰੀ ਇੰਜੀਨੀਅਰ (ਵੰਡ) ਮੰਡਲ, ਕੋਟਕਪੂਰਾ)
ਸ੍ਰੀ ਮੁਕਤਸਰ ਸਾਹਿਬ ਰੋਡ, ਕੋਟਕਪੂਰਾ, ਫੋਨ ਨੰਬਰ : 01635-292231 ਈ-ਮੇਲ : xenkotkapura@gmail.com
ਟੈਂਡਰ ਨੋਟਿਸ

ਸੀਨੀਅਰ ਕਾਰਜਕਾਰੀ ਇੰਜ: ਪਾਵਰਕਾਮ, ਕੋਟਕਪੂਰਾ ਦੁਆਰਾ AEE/AE DS Sub Divn., PSPCL, Suburban Kotkapura (ਜ਼ਿਲ੍ਹਾ ਫਰੀਦਕੋਟ) ਦਫਤਰ ਲਈ ਬਾਹਰਲੇ ਸੋਮਿਆਂ ਤੋਂ ਮਹੀਨਾ ਬੱਧ ਕਿਰਾਏ ਤੇ ਇੱਕ ਸਾਲ ਲਈ ਲੋੜੀਂਦੀ ਇੱਕ ਨੰ. ਗੱਡੀ Double door : Mohindra Genius / Bolero Camper / Tata 207 / 408 or equivalent in price ਲੈਣ ਲਈ ਟੈਂਡਰ ਇੰਨਕੁਆਰੀ ਨੰ. 02/XEN/DS/KKP/2026-27 ਮਿਤੀ 09.09.2026 ਲਗਾਈ ਗਈ ਹੈ। ਇਸ ਮੰਤਵ ਲਈ ਨਿਮਨ ਹਸਤਾਖਰ ਦੁਆਰਾ ਸੀਲਬੰਦ ਕੁਟੇਸ਼ਨਜ਼ ਮੰਗੀਆਂ ਜਾਂਦੀਆਂ ਹਨ। ਇਛੁੱਕ ਫਰਮਾਂ/ਠੇਕੇਦਾਰ, AEE/AE DS Sub Divn., PSPCL, Suburban Kotkapura ਦਫਤਰ ਤੋਂ ਟੈਂਡਰ ਡਾਕੂਮੈਂਟਸ/ਨਿਯਮ ਅਤੇ ਸ਼ਰਤਾਂ ਦਾ ਪੂਰਾ ਸੈੱਟ ਪਾਵਰਕਾਮ ਵਿੱਚ ਨਿਰਧਾਰਿਤ ਫੀਸ ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ। ਕੁਟੇਸ਼ਨਜ਼ ਮਿਤੀ ਨੂੰ ਵਜੇ ਤੱਕ ਸੀਨੀਅਰ ਕਾਰਜਕਾਰੀ ਇੰਜੀਨੀਅਰ (ਵੰਡ) ਮੰਡਲ ਦਫਤਰ, ਪਾਵਰਕਾਮ, ਕੋਟਕਪੂਰਾ ਵਿਖੇ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਪ੍ਰਾਪਤ ਹੋਈਆਂ ਕੁਟੇਸ਼ਨਜ਼ ਮਿਤੀ 25.09.2026 ਨੂੰ 11:00 AM ਵਜੇ ਖੋਲ੍ਹੀਆਂ ਜਾਣਗੀਆਂ। ਜੇਕਰ ਕੁਟੇਸ਼ਨਜ਼ ਖੋਲ੍ਹਣ ਦੀ ਮਿਤੀ ਨੂੰ ਛੁੱਟੀ ਜਾਂ ਹੜਤਾਲ ਹੁੰਦੀ ਹੈ ਤਾਂ ਟੈਂਡਰ ਅਗਲੇ ਕੰਮ-ਕਾਜ ਵਾਲੇ ਦਿਨ ਉਸੇ ਸਮੇਂ ਅਤੇ ਸਥਾਨ ਤੇ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਖੋਲ੍ਹੀਆਂ ਜਾਣਗੀਆਂ।
ਨੋਟ : ਜੇਕਰ ਕਿਸੇ ਕਾਰਨ ਕਰਕੇ ਟੈਂਡਰ ਪ੍ਰਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਇਸ ਸਬੰਧੀ ਜਾਂ ਕਿਸੇ ਤਰ੍ਹਾਂ ਦਾ ਕੋਈ ਹੋਰ ਕੋਰੀਜ਼ੰਡਮ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ।
C 860 / 26
Ro No.: PR-Advt. No.: 1079/12/2026-27/14989/Dated CHD: 09.09.2026

ਪੰਜਾਬ ਸਰਕਾਰ

ਟੈਂਡਰ/ਆਰਐਫਪੀ ਹਵਾਲਾ ਨੰਬਰ ਸਰਹਿੰਦ-ਫਤਿਹਗੜ੍ਹ ਸਾਹਿਬ/2026/4153
ਨਗਰ ਕੌਂਸਲ ਸਰਹਿੰਦ-ਫਤਿਹਗੜ੍ਹ ਸਾਹਿਬ ਦੇ ਵਿਭਾਗ ਵੱਲੋਂ ਬਿਜਲਈ ਕੰਮ ਅਤੇ ਸਿਵਲ ਕੰਮਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਕਿਰਪਾ ਕਰਕੇ ਉਕਤ ਕੰਮਾਂ ਦੇ ਵੇਰਵਿਆਂ ਲਈ ਡੀਐਨਆਈਟੀ ਦਾ ਹਵਾਲਾ ਲਓ।
ਕੰਮਾਂ ਲਈ ਆਖ਼ਰੀ ਮਿਤੀ : 05.10.2026 ਅਤੇ ਸਮਾਂ : 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ :**http://eproc.punjab.gov.in/nicgep/app**
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਕਾਰਜਕਾਰੀ ਅਧਿਕਾਰੀ,
ਐਮ.ਸੀ. ਸਰਹਿੰਦ-ਫਤਿਹਗੜ੍ਹ ਸਾਹਿਬ
RO.No.PR-Advt.No.: 1481/12/2026-27/14992/Dated CHD : 09/09/2026

ਉੱਤਰ ਰੇਲਵੇ

ਈ-ਟੈਂਡਰ
ਖੁਲੀ ਟੈਂਡਰ ਸੂਚਨਾ ਨੰਬਰ ਐਨਆਈਟੀ-08/2026-27 ਮਿਤੀ 08.09.2026

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਵਾਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ **15.00 ਵਜੇ** ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ।

ਟੈਂਡਰ ਨੰਬਰ :	30-ਵਿਯੁਤ-08/2026-27 (ਓ



ਚੰਡੀਗੜ੍ਹ-ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੇ ਆਪਣੀ-ਆਪਣੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣਾ ਆਧਾਰ ਵਧਾਉਣ ਲਈ ਜਿੱਥੇ ਸੰਗਠਨਕ ਪੱਧਰ 'ਤੇ ਸਰਗਰਮੀਆਂ ਤੇਜ਼ ਕਰ ਰਹੀ ਹੈ, ਉੱਥੇ ਹੁਣ ਹਰਿਆਣਾ ਸਰਕਾਰ ਦੀਆਂ ਲੋਕ-ਭਲਾਈ ਯੋਜਨਾਵਾਂ ਨੂੰ ਵੀ ਪੰਜਾਬ ਦੇ ਵੋਟਰਾਂ ਸਾਹਮਣੇ ਇੱਕ ਮਾਡਲ ਵਜੋਂ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਰਣਨੀਤੀ ਦੇ ਕੇਂਦਰ ਵਿੱਚ ਹਰਿਆਣਾ ਦੀ ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ ਹੈ, ਜਿਸ ਅਧੀਨ ਯੋਗ ਔਰਤਾਂ ਨੂੰ ਪ੍ਰਤੀ ਮਹੀਨਾ 2,100 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪੰਜਾਬ ਵਿੱਚ ਵਧਦੀ ਸਰਗਰਮੀ ਵੀ ਇਸੇ ਰਣਨੀਤੀ ਨਾਲ ਜੋੜ ਕੇ ਦੇਖੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਸੈਣੀ ਨੇ ਪਿਛਲੇ ਕਰੀਬ 11 ਮਹੀਨਿਆਂ ਵਿੱਚ ਪੰਜਾਬ ਵਿੱਚ ਲਗਭਗ 90 ਸਮਾਗਮਾਂ ਵਿੱਚ ਹਿੱਸਾ ਲਿਆ ਹੈ। ਇਹ ਗਿਣਤੀ ਆਪਣੇ ਆਪ ਵਿੱਚ ਦਰਸਾਉਂਦੀ ਹੈ ਕਿ ਭਾਜਪਾ ਪੰਜਾਬ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨੂੰ ਇੱਕ ਮਹੱਤਵਪੂਰਨ ਪ੍ਰਚਾਰਕ ਅਤੇ ਸਿਆਸੀ ਚਿਹਰੇ ਵਜੋਂ ਅੱਗੇ ਲਿਆ ਰਹੀ ਹੈ।

ਭਾਜਪਾ ਦੀ ਕੋਸ਼ਿਸ਼ ਸਾਫ਼ ਦਿਖਾਈ ਦਿੰਦੀ ਹੈ—ਪੰਜਾਬ ਦੇ ਵੋਟਰਾਂ ਸਾਹਮਣੇ ਇਹ ਸੁਨੇਹਾ ਰੱਖਿਆ ਜਾਵੇ ਕਿ ਜੇ ਹਰਿਆਣਾ ਵਿੱਚ ਭਾਜਪਾ ਸਰਕਾਰ ਔਰਤਾਂ ਨੂੰ 2,100 ਰੁਪਏ ਮਹੀਨਾ ਦੇ ਸਕਦੀ ਹੈ, ਤਾਂ ਪੰਜਾਬ ਵਿੱਚ ਵੀ ਭਾਜਪਾ ਸਰਕਾਰ ਬਣਨ 'ਤੇ ਇਸ ਤੋਂ ਵੱਡੀ ਜਾਂ ਇਸੇ ਤਰ੍ਹਾਂ ਦੀ ਯੋਜਨਾ ਲਾਗੂ ਕੀਤੀ ਜਾ ਸਕਦੀ ਹੈ।

ਲਾਡੋ ਲਕਸ਼ਮੀ ਯੋਜਨਾ ਦਾ ਦਾਇਰਾ ਵਧਾਇਆ

ਹਰਿਆਣਾ ਸਰਕਾਰ ਨੇ ਹਾਲ ਹੀ ਵਿੱਚ ਲਾਡੋ ਲਕਸ਼ਮੀ ਯੋਜਨਾ ਲਈ ਆਮਦਨ ਸੀਮਾ ਵਿੱਚ ਵੱਡਾ ਬਦਲਾਅ ਕੀਤਾ ਹੈ। ਪਹਿਲਾਂ ਇਸ ਯੋਜਨਾ ਦਾ ਲਾਭ ਉਹਨਾਂ ਪਰਿਵਾਰਾਂ ਦੀਆਂ ਔਰਤਾਂ ਨੂੰ ਮਿਲਦਾ ਸੀ ਜਿਨ੍ਹਾਂ ਦੀ ਸਾਲਾਨਾ ਪਰਿਵਾਰਕ ਆਮਦਨ 1 ਲੱਖ ਰੁਪਏ ਤੱਕ ਸੀ। ਹੁਣ ਇਹ ਸੀਮਾ ਵਧਾ ਕੇ 1.80 ਲੱਖ ਰੁਪਏ ਕਰ ਦਿੱਤੀ ਗਈ ਹੈ।

ਹਰਿਆਣਾ ਸਰਕਾਰ ਦਾ ਦਾਅਵਾ ਹੈ ਕਿ ਇਸ ਫੈਸਲੇ ਨਾਲ ਲਗਭਗ 27 ਲੱਖ ਹੋਰ ਔਰਤਾਂ ਇਸ ਯੋਜਨਾ ਦੇ ਦਾਇਰੇ ਵਿੱਚ ਆ ਸਕਦੀਆਂ ਹਨ। ਪਹਿਲਾਂ ਕਰੀਬ 10 ਲੱਖ ਔਰਤਾਂ ਇਸ ਯੋਜਨਾ ਦਾ ਲਾਭ ਲੈ ਰਹੀਆਂ ਸਨ। ਇਸ ਤਰ੍ਹਾਂ ਭਾਜਪਾ ਲਈ ਇਹ ਸਿਰਫ਼ ਇੱਕ ਸਮਾਜਿਕ ਭਲਾਈ ਯੋਜਨਾ ਨਹੀਂ ਰਹੀ, ਸਗੋਂ ਇੱਕ ਵੱਡਾ ਸਿਆਸੀ ਸੁਨੇਹਾ ਬਣ ਸਕਦੀ ਹੈ।

ਮੁੱਖ ਮੰਤਰੀ ਸੈਣੀ ਦੇ ਮੀਡੀਆ ਸਕੱਤਰ ਪ੍ਰਵੀਨ ਅਤਰੇ ਦਾ ਮੰਨਣਾ ਹੈ ਕਿ ਇਸ ਯੋਜਨਾ ਦੇ ਵਿਸਥਾਰ ਦਾ ਪ੍ਰਭਾਵ ਪੰਜਾਬ ਦੇ ਵੋਟਰਾਂ ਉੱਤੇ ਵੀ ਪੈ ਸਕਦਾ ਹੈ। ਉਨ੍ਹਾਂ ਦਾ ਤਰਕ ਹੈ ਕਿ ਪੰਜਾਬ ਦੇ ਲੋਕ ਹਰਿਆਣਾ ਦਾ ਮਾਡਲ ਦੇਖ ਕੇ ਇਹ ਉਮੀਦ ਕਰ ਸਕਦੇ ਹਨ ਕਿ ਜੇ ਭਾਜਪਾ ਨੂੰ ਪੰਜਾਬ ਵਿੱਚ ਮੌਕਾ ਮਿਲਦਾ ਹੈ ਤਾਂ ਇੱਥੇ ਵੀ ਇਸੇ ਤਰ੍ਹਾਂ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ।

1,000 ਬਨਾਮ 2,100 ਰੁਪਏ ਦੀ ਚੋਣੀ ਬਹਿਸ

ਭਾਜਪਾ ਦੀ ਸਭ ਤੋਂ ਵੱਡੀ ਰਣਨੀਤੀ ਪੰਜਾਬ ਸਰਕਾਰ ਦੀ ਮਹਿਲਾ ਵਿੱਤੀ ਸਹਾਇਤਾ ਯੋਜਨਾ ਦੀ ਤੁਲਨਾ ਹਰਿਆਣਾ ਦੀ ਲਾਡੋ ਲਕਸ਼ਮੀ ਯੋਜਨਾ ਨਾਲ ਕਰਨ ਦੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਔਰਤਾਂ ਨੂੰ 1,000 ਰੁਪਏ ਮਹੀਨਾ ਦੇਣ ਦੀ ਯੋਜਨਾ ਲਾਗੂ ਕੀਤੀ ਗਈ ਹੈ, ਜਦਕਿ ਹਰਿਆਣਾ ਵਿੱਚ ਯੋਗ ਔਰਤਾਂ ਨੂੰ 2,100 ਰੁਪਏ ਮਹੀਨਾ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਭਾਜਪਾ ਚੋਣੀ ਪ੍ਰਚਾਰ ਵਿੱਚ ਇੱਕ ਸਿੱਧਾ ਸਵਾਲ ਉਠਾ ਸਕਦੀ ਹੈ—ਜੇ ਹਰਿਆਣਾ 2,100 ਰੁਪਏ ਦੇ ਸਕਦਾ ਹੈ ਤਾਂ ਪੰਜਾਬ ਦੀਆਂ ਔਰਤਾਂ ਨੂੰ 1,000 ਰੁਪਏ ਹੀ ਕਿਉਂ?

ਇਹ ਤੁਲਨਾ ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਹੋ ਸਕਦੀ ਹੈ, ਪਰ ਦੋਵਾਂ ਯੋਜਨਾਵਾਂ ਦੇ ਨਿਯਮਾਂ ਵਿੱਚ ਵੱਡਾ ਅੰਤਰ ਹੈ।

ਪੰਜਾਬ ਦੀ ਯੋਜਨਾ ਦਾ ਦਾਇਰਾ ਵੱਡਾ

ਪੰਜਾਬ ਦੀ ਯੋਜਨਾ 18 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਲਗਭਗ ਸਾਰੀਆਂ ਯੋਗ ਔਰਤਾਂ ਲਈ ਖੁੱਲ੍ਹੀ ਹੈ। ਇਸ ਵਿੱਚ ਆਮਦਨ ਕਰ ਭਰਨ ਵਾਲੀਆਂ ਔਰਤਾਂ, ਸਰਕਾਰੀ ਕਰਮਚਾਰੀ, ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰ ਅਤੇ ਵਿਧਾਇਕ ਸ਼ਾਮਲ ਨਹੀਂ ਹਨ।

ਸਮਾਜਿਕ ਸੁਰੱਖਿਆ ਪੈਨਸ਼ਨ ਲੈ ਰਹੀਆਂ ਔਰਤਾਂ ਵੀ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਭਵਿੱਖ ਵਿੱਚ ਸੂਬੇ ਦੀਆਂ ਲਗਭਗ 97 ਫੀਸਦੀ ਬਾਲਗ ਔਰਤਾਂ ਇਸ ਦੇ ਦਾਇਰੇ ਵਿੱਚ ਆ ਸਕਦੀਆਂ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਲਗਭਗ 2.15 ਕਰੋੜ ਵੋਟਰ ਸਨ, ਜਿਨ੍ਹਾਂ ਵਿੱਚ ਕਰੀਬ 1.02 ਕਰੋੜ ਔਰਤਾਂ ਸਨ। ਇਸਦਾ ਮਤਲਬ ਹੈ ਕਿ ਪੰਜਾਬ ਵਿੱਚ ਮਹਿਲਾ ਵੋਟਰ ਕੁੱਲ ਵੋਟਰਾਂ ਦਾ ਲਗਭਗ 47.45 ਫੀਸਦੀ ਹਿੱਸਾ ਹਨ।

ਇਹੀ ਕਾਰਨ ਹੈ ਕਿ ਹਰ ਸਿਆਸੀ ਪਾਰਟੀ ਲਈ ਮਹਿਲਾ ਵੋਟਰ ਹੁਣ ਚੋਣੀ ਰਣਨੀਤੀ ਦਾ ਕੇਂਦਰ ਬਣਦੇ ਜਾ ਰਹੇ ਹਨ।

ਹਰਿਆਣਾ ਦੀ ਯੋਜਨਾ ਵਿੱਚ ਸ਼ਰਤਾਂ ਵੱਧ

ਹਰਿਆਣਾ ਦੀ ਲਾਡੋ ਲਕਸ਼ਮੀ ਯੋਜਨਾ ਵਿੱਚ ਰਕਮ ਵੱਧ ਹੈ, ਪਰ ਯੋਗਤਾ ਦੀਆਂ ਸ਼ਰਤਾਂ ਵੀ ਜ਼ਿਆਦਾ ਸਖ਼ਤ ਹਨ।

ਇਸ ਦਾ ਲਾਭ ਲੈਣ ਲਈ ਔਰਤ ਦੀ ਉਮਰ ਘੱਟੋ-ਘੱਟ 23 ਸਾਲ ਹੋਣੀ ਚਾਹੀਦੀ ਹੈ ਅਤੇ ਪਰਿਵਾਰ ਦੀ ਸਾਲਾਨਾ ਆਮਦਨ 1.80 ਲੱਖ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹ ਆਮਦਨ ਪਰਿਵਾਰਕ ਜਾਣਕਾਰੀ ਡੇਟਾਬੇਸ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ।

ਜੇ ਕੋਈ ਔਰਤ ਕਿਸੇ ਹੋਰ ਸੂਬੇ ਤੋਂ ਵਿਆਹ ਕੇ ਹਰਿਆਣਾ ਆਈ ਹੈ ਤਾਂ ਉਸ ਨੂੰ ਜਾਂ ਉਸਦੇ ਪਤੀ ਨੂੰ ਘੱਟੋ-ਘੱਟ 15 ਸਾਲ ਹਰਿਆਣਾ ਵਿੱਚ ਰਹਿਣ ਦੀ ਸ਼ਰਤ ਪੂਰੀ ਕਰਨੀ ਪੈਂਦੀ ਹੈ।

ਇਸ ਲਈ ਸਿਰਫ਼ 2,100 ਅਤੇ 1,000 ਰੁਪਏ ਦੀ ਤੁਲਨਾ ਕਰਨਾ ਪੂਰੀ ਤਸਵੀਰ ਨਹੀਂ ਦਿਖਾਉਂਦਾ। ਇੱਕ ਯੋਜਨਾ ਵੱਧ ਰਕਮ ਦਿੰਦੀ ਹੈ ਪਰ ਘੱਟ ਲੋਕਾਂ ਨੂੰ ਕਵਰ ਕਰਦੀ ਹੈ, ਜਦਕਿ ਦੂਜੀ ਘੱਟ ਰਕਮ ਦੇ ਕੇ ਵੱਡੀ ਗਿਣਤੀ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੀ ਹੈ।

ਬਜਟ ਦੀ ਲੜਾਈ ਵੀ ਦਿਲਚਸਪ

ਦੋਵੇਂ ਸੂਬਿਆਂ ਦੇ ਬਜਟ ਵੀ ਇਸ ਚਰਚਾ ਨੂੰ ਹੋਰ ਦਿਲਚਸਪ ਬਣਾਉਂਦੇ ਹਨ।

ਪੰਜਾਬ ਨੇ 2026-27 ਦੇ ਬਜਟ ਵਿੱਚ ਮਹਿਲਾ ਵਿੱਤੀ ਸਹਾਇਤਾ ਯੋਜਨਾ ਲਈ 9,300 ਕਰੋੜ ਰੁਪਏ ਰੱਖੇ ਹਨ, ਜਦਕਿ ਹਰਿਆਣਾ ਨੇ ਲਾਡੋ ਲਕਸ਼ਮੀ ਯੋਜਨਾ ਲਈ 6,500 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ।

ਇੱਥੇ ਸਵਾਲ ਸਿਰਫ਼ ਇਹ ਨਹੀਂ ਕਿ ਕੌਣ ਵੱਧ ਰਕਮ ਦੇ ਰਿਹਾ ਹੈ। ਅਸਲ ਸਵਾਲ ਇਹ ਹੈ ਕਿ ਲਾਭਪਾਤਰੀਆਂ ਦੀ ਗਿਣਤੀ ਕਿੰਨੀ ਹੈ, ਸਰਕਾਰ 'ਤੇ ਸਾਲਾਨਾ ਵਿੱਤੀ ਬੋਝ ਕਿੰਨਾ ਪਵੇਗਾ ਅਤੇ ਇਹ ਯੋਜਨਾ ਲੰਬੇ ਸਮੇਂ ਤੱਕ ਕਿੰਨੀ ਟਿਕਾਊ ਰਹੇਗੀ।

ਆਪ ਦਾ ਜਵਾਬ

ਆਮ ਆਦਮੀ ਪਾਰਟੀ ਹਰਿਆਣਾ ਮਾਡਲ ਦੀ ਇਸ ਤੁਲਨਾ ਨਾਲ ਸਹਿਮਤ ਨਹੀਂ ਹੈ। ਹਰਿਆਣਾ ਆਪ ਦੇ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਦਾ ਕਹਿਣਾ ਹੈ ਕਿ ਲਾਡੋ ਲਕਸ਼ਮੀ ਯੋਜਨਾ ਦੀਆਂ ਸ਼ਰਤਾਂ ਕਾਫ਼ੀ ਸਖ਼ਤ ਹਨ ਅਤੇ ਇਸ ਕਾਰਨ ਵੱਡੀ ਗਿਣਤੀ ਵਿੱਚ ਔਰਤਾਂ ਇਸ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੀਆਂ ਹਨ।

ਉਨ੍ਹਾਂ ਦਾ ਦਾਅਵਾ ਹੈ ਕਿ ਪੰਜਾਬ ਦੀ ਯੋਜਨਾ ਸੂਬੇ ਦੀਆਂ 95 ਫੀਸਦੀ ਤੋਂ ਵੱਧ ਔਰਤਾਂ ਨੂੰ ਕਵਰ ਕਰ ਸਕਦੀ ਹੈ। ਆਪ ਇਸ ਚੋਣੀ ਬਹਿਸ ਨੂੰ ਇਸ ਤਰ੍ਹਾਂ ਪੇਸ਼ ਕਰ ਸਕਦੀ ਹੈ ਕਿ 1,000 ਰੁਪਏ ਦੀ ਯੋਜਨਾ ਦਾ ਦਾਇਰਾ ਵੱਡਾ ਹੈ, ਜਦਕਿ ਹਰਿਆਣਾ ਦੀ 2,100 ਰੁਪਏ ਵਾਲੀ ਯੋਜਨਾ ਦੀ ਪਹੁੰਚ ਸੀਮਤ ਹੈ।

ਦੂਜੇ ਪਾਸੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਰੋਧੀਆਂ ਦੇ ਇਸ ਦਾਅਵੇ ਨੂੰ ਖਾਰਜ ਕੀਤਾ ਹੈ ਕਿ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਲੈਣ ਵਾਲੀਆਂ ਔਰਤਾਂ ਹੋਰ ਸਰਕਾਰੀ ਯੋਜਨਾਵਾਂ ਤੋਂ ਵਾਂਝੀਆਂ ਹੋ ਜਾਣਗੀਆਂ।

ਵਿਸ਼ਲੇਸ਼ਣ: ਕੀ ਹਰਿਆਣਾ ਮਾਡਲ ਪੰਜਾਬ ਵਿੱਚ ਕੰਮ ਕਰੇਗਾ?

ਇੱਥੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਹਰਿਆਣਾ ਮਾਡਲ ਨੂੰ ਪੰਜਾਬ ਵਿੱਚ ਸਿੱਧੇ ਤੌਰ 'ਤੇ ਕਾਪੀ ਕਰਕੇ ਸਿਆਸੀ ਲਾਭ ਲਿਆ ਜਾ ਸਕਦਾ ਹੈ?

ਇਸ ਦਾ ਜਵਾਬ ਸੌਖਾ ਨਹੀਂ ਹੈ।

ਪਹਿਲਾ ਕਾਰਨ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਸਮਾਜਿਕ ਅਤੇ ਸਿਆਸੀ ਬਣਤਰ ਵੱਖਰੀ ਹੈ। ਪੰਜਾਬ ਵਿੱਚ ਕਿਸਾਨ, ਸਿੱਖ ਪੇਂਡੂ ਵੋਟਰ, ਦਲਿਤ ਵੋਟਰ, ਮੁਲਾਜ਼ਮ, ਪਰਵਾਸੀ ਪਰਿਵਾਰ ਅਤੇ ਸ਼ਹਿਰੀ ਮੱਧ ਵਰਗ—ਸਭ ਦੀਆਂ ਵੱਖ-ਵੱਖ ਤਰਜੀਹਾਂ ਹਨ।

ਦੂਜਾ, ਪੰਜਾਬ ਵਿੱਚ ਸਿਰਫ਼ ਨਕਦ ਸਹਾਇਤਾ ਹੀ ਚੋਣ ਜਿਤਾਉਣ ਵਾਲਾ ਮੁੱਦਾ ਨਹੀਂ ਹੋਵੇਗਾ। ਬੇਰੁਜ਼ਗਾਰੀ, ਨਸ਼ੇ, ਕਾਨੂੰਨ-ਵਿਵਸਥਾ, ਕਿਸਾਨੀ ਸੰਕਟ, ਉਦਯੋਗ, ਕਰਜ਼ਾ ਅਤੇ ਸਰਕਾਰੀ ਮੁਲਾਜ਼ਮਾਂ ਦੇ ਮਸਲੇ ਵੀ ਵੱਡੀ ਭੂਮਿਕਾ ਨਿਭਾਉਣਗੇ।

ਤੀਜਾ, ਭਾਜਪਾ ਦੀ ਸਭ ਤੋਂ ਵੱਡੀ ਚੁਣੌਤੀ ਪੇਂਡੂ ਪੰਜਾਬ ਵਿੱਚ ਭਰੋਸਾ ਬਣਾਉਣ ਦੀ ਹੈ। ਹਰਿਆਣਾ ਦੀ ਇੱਕ ਯੋਜਨਾ ਦੀ ਸਫ਼ਲਤਾ ਭਾਜਪਾ ਨੂੰ ਚੋਣੀ ਦਲੀਲ ਤਾਂ ਦੇ ਸਕਦੀ ਹੈ, ਪਰ ਇਹ ਆਪਣੇ ਆਪ ਵੋਟਾਂ ਵਿੱਚ ਤਬਦੀਲ ਹੋ ਜਾਵੇਗੀ, ਇਸ ਦੀ ਕੋਈ ਗਾਰੰਟੀ ਨਹੀਂ।

ਚੌਥਾ, ਮਹਿਲਾ ਵੋਟਰਾਂ ਲਈ ਰਕਮ ਜ਼ਰੂਰ ਮਹੱਤਵਪੂਰਨ ਹੋ ਸਕਦੀ ਹੈ, ਪਰ ਉਹ ਇਹ ਵੀ ਦੇਖਣਗੀਆਂ ਕਿ ਕਿਹੜੀ ਸਰਕਾਰ ਦੀ ਯੋਜਨਾ ਹਕੀਕਤ ਵਿੱਚ ਉਨ੍ਹਾਂ ਤੱਕ ਪਹੁੰਚਦੀ ਹੈ, ਕਿੰਨੀ ਨਿਯਮਤ ਹੈ ਅਤੇ ਕਿੰਨੀਆਂ ਸ਼ਰਤਾਂ ਨਾਲ ਜੁੜੀ ਹੈ।

2,100 ਦਾ ਅੰਕ ਭਾਜਪਾ ਲਈ ਸਿਆਸੀ ਹਥਿਆਰ

ਭਾਜਪਾ ਲਈ 2,100 ਰੁਪਏ ਦਾ ਅੰਕ ਚੋਣੀ ਪ੍ਰਚਾਰ ਵਿੱਚ ਬਹੁਤ ਪ੍ਰਭਾਵਸ਼ਾਲੀ ਨਾਅਰਾ ਬਣ ਸਕਦਾ ਹੈ। ਜੇ ਪਾਰਟੀ ਇਸਨੂੰ ਸੌਖੇ ਤਰੀਕੇ ਨਾਲ "1,000 ਬਨਾਮ 2,100" ਵਜੋਂ ਪੇਸ਼ ਕਰਦੀ ਹੈ ਤਾਂ ਇਹ ਵੋਟਰਾਂ ਦਾ ਧਿਆਨ ਖਿੱਚ ਸਕਦਾ ਹੈ।

ਪਰ ਆਪ ਇਸ ਦਾ ਜਵਾਬ "ਵੱਧ ਰਕਮ ਬਨਾਮ ਵੱਧ ਕਵਰੇਜ" ਦੇ ਰੂਪ ਵਿੱਚ ਦੇ ਸਕਦੀ ਹੈ।

ਇਸ ਤਰ੍ਹਾਂ 2027 ਵਿੱਚ ਪੰਜਾਬ ਦੀ ਚੋਣੀ ਬਹਿਸ ਵਿੱਚ ਮਹਿਲਾਵਾਂ ਲਈ ਨਕਦ ਸਹਾਇਤਾ ਇੱਕ ਵੱਡਾ ਮੁੱਦਾ ਬਣ ਸਕਦੀ ਹੈ।

ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਮਾਡਲ ਭਾਜਪਾ ਲਈ ਪੰਜਾਬ ਵਿੱਚ ਇੱਕ ਪ੍ਰਭਾਵਸ਼ਾਲੀ ਚੋਣੀ ਨੈਰੇਟਿਵ ਤਾਂ ਬਣ ਸਕਦਾ ਹੈ, ਪਰ ਚੋਣ ਜਿੱਤਣ ਲਈ ਇਹ ਇਕੱਲਾ ਕਾਫ਼ੀ ਨਹੀਂ ਹੋਵੇਗਾ। ਭਾਜਪਾ ਨੂੰ ਮਹਿਲਾ ਵੋਟਰਾਂ ਦੇ ਨਾਲ-ਨਾਲ ਕਿਸਾਨਾਂ, ਨੌਜਵਾਨਾਂ, ਦਲਿਤਾਂ ਅਤੇ ਪੇਂਡੂ ਪੰਜਾਬ ਵਿੱਚ ਵੀ ਆਪਣੀ ਸਵੀਕਾਰਤਾ ਵਧਾਉਣੀ ਪਵੇਗੀ।

2027 ਦੀ ਚੋਣੀ ਲੜਾਈ ਵਿੱਚ ਵੱਡਾ ਸਵਾਲ ਹੁਣ ਇਹ ਹੋ ਸਕਦਾ ਹੈ—ਕੀ ਪੰਜਾਬ ਦੀਆਂ ਔਰਤਾਂ 1,000 ਰੁਪਏ ਦੀ ਵੱਡੀ ਕਵਰੇਜ ਨੂੰ ਤਰਜੀਹ ਦੇਣਗੀਆਂ ਜਾਂ 2,100 ਰੁਪਏ ਦੇ ਹਰਿਆਣਾ ਮਾਡਲ ਨੂੰ? ਇਹੀ ਮੁਕਾਬਲਾ ਆਉਣ ਵਾਲੇ ਮਹੀਨਿਆਂ ਵਿੱਚ ਪੰਜਾਬ ਦੀ ਸਿਆਸਤ ਨੂੰ ਹੋਰ ਗਰਮ ਕਰ ਸਕਦਾ ਹੈ।



ਭਾਰਤ ਜਦੋਂ ਆਜ਼ਾਦ ਹੋਇਆ, ਉਸ ਸਮੇਂ ਭਾਰਤੀ ਫ਼ੌਜ ਵਿੱਚ 40 ਪ੍ਰਤੀਸ਼ਤ ਤੋਂ ਵੱਧ ਅਫ਼ਸਰ ਸਰਦਾਰ ਹੁੰਦੇ ਸਨ। ਜਵਾਨਾਂ ਵਜੋਂ ਪੰਜਾਬੀਆਂ ਦੀ ਗਿਣਤੀ ਇਸ ਤੋਂ ਵੀ ਕਈ ਗੁਣਾ ਵੱਧ ਸੀ। ਜੇਕਰ ਆਜ਼ਾਦੀ ਤੋਂ ਪਹਿਲਾਂ ਆਜ਼ਾਦੀ ਘੁਲਾਟੀਆਂ ਦੀ ਗੱਲ ਕਰੀਏ ਤਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬੀਆਂ ਦਾ ਯੋਗਦਾਨ ਬਹੁਤ ਵੱਡਾ ਰਿਹਾ ਹੈ। ਪਰ ਜਦੋਂ ਭਾਰਤ ਆਜ਼ਾਦ ਹੋ ਗਿਆ ਤਾਂ ਹੌਲੀ-ਹੌਲੀ ਫ਼ੌਜ ਵਿੱਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਰਦਾਰਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ।

ਛੇ-ਸੱਤ ਦਹਾਕਿਆਂ ਵਿੱਚ ਹਾਲਾਤ ਇਹ ਹੋ ਗਏ ਹਨ ਕਿ ਹੁਣ ਫ਼ੌਜ ਵਿੱਚ ਸਰਦਾਰ ਅਫ਼ਸਰ ਬਹੁਤ ਘੱਟ ਨਜ਼ਰ ਆਉਂਦੇ ਹਨ। ਆਉਣ ਵਾਲਾ ਸਮਾਂ ਹੋਰ ਵੀ ਚਿੰਤਾਜਨਕ ਨਜ਼ਰ ਆ ਰਿਹਾ ਹੈ। ਬਹੁਤੇ ਪੰਜਾਬੀ ਗੱਭਰੂ ਵਿਦੇਸ਼ਾਂ ਵੱਲ ਜਾ ਰਹੇ ਹਨ ਅਤੇ ਫ਼ੌਜ ਵੱਲ ਉਨ੍ਹਾਂ ਦਾ ਰੁਝਾਨ ਘਟ ਰਿਹਾ ਹੈ।

ਜੇਕਰ ਕੋਈ ਨੌਜਵਾਨ ਫ਼ੌਜ ਵਿੱਚ ਅਫ਼ਸਰ ਬਣਨ ਲਈ ਜਾਣਾ ਵੀ ਚਾਹੁੰਦਾ ਹੈ ਅਤੇ ਲਿਖਤੀ ਪ੍ਰੀਖਿਆ ਪਾਸ ਕਰ ਲੈਂਦਾ ਹੈ ਤਾਂ ਕਈ ਵਾਰ ਉਹ ਇੰਟਰਵਿਊ ਵਿੱਚੋਂ ਬਾਹਰ ਹੋ ਜਾਂਦਾ ਹੈ। ਇੰਟਰਵਿਊ ਕਰਨ ਵਾਲੇ ਅਫ਼ਸਰਾਂ ਨੂੰ ਕੋਈ ਪੁੱਛ ਵੀ ਨਹੀਂ ਸਕਦਾ ਕਿ ਕਿਸ ਕਾਰਨ ਇਸ ਕੈਡਿਟ ਨੂੰ ਨਹੀਂ ਚੁਣਿਆ ਗਿਆ। ਬੜੀ ਮੁਸ਼ਕਲ ਨਾਲ ਸਰਦਾਰ ਅਤੇ ਪੰਜਾਬੀ ਨੌਜਵਾਨ ਫ਼ੌਜ ਵਿੱਚ ਜਾਣ ਲਈ ਤਿਆਰ ਹੁੰਦੇ ਹਨ। ਜਦੋਂ ਮਿਹਨਤ ਕਰਨ ਤੋਂ ਬਾਅਦ ਵੀ ਉਨ੍ਹਾਂ ਦੀ ਚੋਣ ਨਹੀਂ ਹੁੰਦੀ ਤਾਂ ਇਸ ਦਾ ਅਸਰ ਨਵੀਂ ਪੀੜ੍ਹੀ ਉੱਤੇ ਵੀ ਪੈਂਦਾ ਹੈ। ਪੜ੍ਹੇ-ਲਿਖੇ ਅਤੇ ਫ਼ੌਜ ਵਿੱਚ ਜਾਣ ਦੇ ਚਾਹਵਾ

ਸੀਜੇਪੀ ਪ੍ਰਦਰਸ਼ਨਕਾਰੀਆਂ ਨੂੰ 5 ਲੱਖ ਦੇ ਨੋਟਿਸ 'ਤੇ ਸੁਪਰੀਮ ਕੋਰਟ ਨਾਰਾਜ਼

ਕਾਰਜਕਾਰੀ ਮੈਜਿਸਟ੍ਰੇਟ ਕਿਵੇਂ ਕਰ ਸਕਦੈ ਵਿਦਿਆਰਥੀ ਨੂੰ ਨੋਟਿਸ ਜਾਰੀ ਕਰਨ ਦੀ ਹਿੰਮਤ: ਸੀ.ਜੇ.ਆਈ. ਸੂਰਿਆ ਕਾਂਤ




ਨਵੀਂ ਦਿੱਲੀ, 9 ਸਤੰਬਰ (ਚ.ਨ.ਸ.): ਚੀਫ਼ ਜਸਟਿਸ ਸੂਰਿਆ ਕਾਂਤ ਨੇ ਨੋਇਡਾ ਮੈਜਿਸਟ੍ਰੇਟ ਨੂੰ ਫਟਕਾਰ ਲਗਾਈ। ਬੁੱਧਵਾਰ ਨੂੰ, ਸੀਜੇਆਈ ਸੂਰਿਆ ਕਾਂਤ ਨੇ ਕਿਹਾ, 'ਜਦੋਂ ਸੁਪਰੀਮ ਕੋਰਟ ਨੇ ਵਿਦਿਆਰਥੀ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਐਫਆਈਆਰ ਰੱਦ ਕਰ ਦਿੱਤੀਆਂ ਹਨ ਅਤੇ ਭਵਿੱਖ ਵਿੱਚ ਕਿਸੇ ਵੀ ਵਿਦਿਆਰਥੀ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਲਈ ਜ਼ਬਰਦਸਤੀ ਕਾਰਵਾਈ 'ਤੇ ਪਾਬੰਦੀ ਲਗਾ ਦਿੱਤੀ ਹੈ, ਤਾਂ ਕਾਰਜਕਾਰੀ ਮੈਜਿਸਟ੍ਰੇਟ ਵਿਦਿਆਰਥੀ ਨੂੰ ਨੋਟਿਸ ਜਾਰੀ ਕਰਨ ਦੀ ਹਿੰਮਤ ਕਿਵੇਂ ਕਰਦਾ ਹੈ? ਕੋਈ ਵੀ ਮੈਜਿਸਟ੍ਰੇਟ ਉਸ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ।'ਇਹ ਨੋਟਿਸ ਵਿਦਿਆਰਥੀਆਂ ਦੁਆਰਾ ਪ੍ਰਸਤਾਵਿਤ -ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਦੁਆਰਾ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਇੱਕ ਮੁਹਿੰਮ ਦੇ ਕਥਿਤ ਸੰਗਠਨ ਦੇ ਸੰਬੰਧ ਵਿੱਚ ਭੇਜਿਆ ਗਿਆ ਸੀ, ਜਦੋਂ ਕਿ ਸੁਪਰੀਮ ਕੋਰਟ ਨੇ ਪਹਿਲਾਂ ਹੀ ਅੰਦੋਲਨ ਦੇ ਸਬੰਧ ਵਿੱਚ ਵਿਦਿਆਰਥੀਆਂ ਵਿਰੁੱਧ ਕੋਈ ਜ਼ਬਰਦਸਤੀ ਕਾਰਵਾਈ ਨਾ ਕਰਨ ਦੇ ਨਿਰਦੇਸ਼ ਦਿੱਤੇ ਸਨ।ਇਹ ਮਾਮਲਾ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਅਤੇ ਵੀ. ਮੋਹਨਾ ਦੀ ਬੈਂਚ ਦੇ ਸਾਹਮਣੇ ਜ਼ੁਬਾਨੀ ਤੌਰ 'ਤੇ ਉਠਾਇਆ ਗਿਆ। ਵਕੀਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਨੋਇਡਾ ਪੁਲਸ ਦੀ ਰਿਪੋਰਟ ਦੇ ਆਧਾਰ 'ਤੇ ਗੌਤਮ ਬੁੱਧ ਯੂਨੀਵਰਸਿਟੀ ਦੇ ਦੂਜੇ ਸਾਲ ਦੇ ਵਿਦਿਆਰਥੀ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ। ਸੀਜੇਆਈ ਨੇ ਕਿਹਾ, 'ਇੱਕ ਮੈਜਿਸਟ੍ਰੇਟ ਨੂੰ ਨੋਟਿਸ ਜਾਰੀ ਕਰਨ ਦੀ ਹਿੰਮਤ ਕਿਵੇਂ ਹੋਈ? ਅਸੀਂ ਸਪੱਸ਼ਟ ਕਰ ਦਿੱਤਾ ਸੀ ਕਿ ਕਿਸੇ ਵੀ ਵਿਦਿਆਰਥੀ ਵਿਰੁੱਧ ਕੋਈ ਜ਼ਬਰਦਸਤੀ ਕਾਰਵਾਈ ਨਹੀਂ ਕੀਤੀ ਜਾਵੇਗੀ। ਕੋਈ ਵੀ ਮੈਜਿਸਟ੍ਰੇਟ ਉਸ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ।'ਵਕੀਲ ਨੇ ਦੱਸਿਆ ਕਿ ਵਿਦਿਆਰਥੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਪੁੱਛਿਆ ਗਿਆ ਸੀ। ਕਿ ਉਸਨੂੰ ਸ਼ਾਂਤੀ ਬਣਾਈ ਰੱਖਣ ਲਈ 5 ਲੱਖ ਰੁਪਏ ਦਾ ਨਿੱਜੀ ਮੁਚਲਕਾ ਅਤੇ ਇੰਨੀ ਹੀ ਰਕਮ ਦੀਆਂ ਦੋ ਜ਼ਮਾਨਤਾਂ ਕਿਉਂ ਨਾ ਦੇਣ ਲਈ ਕਿਹਾ ਜਾਵੇ। ਸੀਜੇਆਈ ਨੇ ਸਵਾਲ ਕੀਤਾ ਕਿ ਜਦੋਂ ਸੁਪਰੀਮ ਕੋਰਟ ਪਹਿਲਾਂ ਹੀ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਐਫਆਈਆਰਜ਼ ਨੂੰ ਰੱਦ ਕਰ ਚੁੱਕੀ ਸੀ ਅਤੇ ਵਿਦਿਆਰਥੀਆਂ ਵਿਰੁੱਧ ਜ਼ਬਰਦਸਤੀ ਕਾਰਵਾਈ 'ਤੇ ਪਾਬੰਦੀ ਲਗਾ ਚੁੱਕੀ ਹੈ ਤਾਂ ਮੈਜਿਸਟ੍ਰੇਟ ਅਜਿਹਾ ਨੋਟਿਸ ਕਿਵੇਂ ਜਾਰੀ ਕਰ ਸਕਦਾ ਹੈ।ਬੈਂਚ ਨੇ ਵਕੀਲ ਨੂੰ ਪਟੀਸ਼ਨ ਰਾਹੀਂ ਨੋਟਿਸ ਨੂੰ ਰਿਕਾਰਡ 'ਤੇ ਲਿਆਉਣ ਲਈ ਕਿਹਾ ਅਤੇ ਕਿਹਾ ਕਿ ਉਹ ਸਬੰਧਤ ਅਧਿਕਾਰੀ ਤੋਂ ਸਪੱਸ਼ਟੀਕਰਨ ਮੰਗਣਗੇ।

ਵਕੀਲ ਨੇ ਕਿਹਾ ਕਿ ਮਾਮਲਾ ਪ੍ਰੈਸ ਵਿੱਚ ਆਉਣ ਤੋਂ ਬਾਅਦ ਨੋਟਿਸ ਵਾਪਸ ਲੈ ਲਿਆ ਗਿਆ ਸੀ। ਵਕੀਲ ਨੇ ਕਿਹਾ ਕਿ ਇਹ ਕਾਰਵਾਈ 'ਪਹਿਲੀ ਨਜ਼ਰੇ ਮਾਣਹਾਨੀ' ਦੇ ਬਰਾਬਰ ਹੈ ਅਤੇ ਦੋਸ਼ ਲਗਾਇਆ ਕਿ ਨੋਇਡਾ ਅਤੇ ਉੱਤਰ ਪ੍ਰਦੇਸ਼ ਦੇ ਅਧਿਕਾਰੀ ਵਿਦਿਆਰਥੀਆਂ ਵਿੱਚ 'ਡਰ ਦਾ ਮਾਹੌਲ' ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਘਟਨਾਕ੍ਰਮ ਉਸ ਸਮੇਂ ਹੋਇਆ, ਜਦੋਂ ਸੁਪਰੀਮ ਕੋਰਟ ਨੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਅਗਵਾਈ ਵਾਲੇ ਪ੍ਰੀਖਿਆ ਪੇਪਰ ਨੂੰ ਲੈ ਕੇ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਅਪਰਾਧਿਕ ਕਾਰਵਾਈਆਂ ਨੂੰ ਰੱਦ ਕਰ ਦਿੱਤਾ ਸੀ। ਪੰਜ ਰਾਜਾਂ ਵਿੱਚ ਦਰਜ ਐਫਆਈਆਰਜ਼ ਨੂੰ ਰੱਦ ਕਰਕੇ ਅਤੇ ਇਹ ਨਿਰਦੇਸ਼ ਦੇ ਕੇ ਕਿ ਅਜਿਹੇ ਮਾਮਲਿਆਂ ਦੀ ਪੈਰਵੀ ਹੋਰ ਥਾਵਾਂ 'ਤੇ ਨਾ ਕੀਤੀ ਜਾਵੇ।

ਅਮਰੀਕਾ ਨੇ 5 ਈਰਾਨੀ ਟੈਂਕਰਾਂ 'ਤੇ ਕੀਤਾ ਹਮਲਾ

ਈਰਾਨ ਨੇ ਜੌਰਡਨ 'ਚ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਦਾਗ਼ੀਆਂ ਮਿਜ਼ਾਈਲਾਂ



ਤਹਿਰਾਨ, 9 ਸਤੰਬਰ (ਚ.ਨ.ਸ.):ਅਮਰੀਕਾ ਅਤੇ ਈਰਾਨ ਵਿਚਾਲੇ ਮੁੜ ਤਣਾਅ ਵਧ ਗਿਆ ਹੈ। ਅਮਰੀਕੀ ਫੌਜ ਨੇ ਪੰਜ ਈਰਾਨੀ ਤੇਲ ਟੈਂਕਰਾਂ ਨੂੰ ਤਬਾਹ ਕਰ ਦਿੱਤਾ। ਅਮਰੀਕੀ ਸੈਂਟਰਲ ਕਮਾਂਡ ਦੇ ਅਨੁਸਾਰ, ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਪਿਛਲੇ ਦੋ ਦਿਨਾਂ ਵਿੱਚ ਦੋ ਵਾਰ ਇੱਕ ਅਮਰੀਕੀ ਜਲ ਸੈਨਾ ਦੇ ਜਹਾਜ਼ ਨੂੰ ਬੈਲਿਸਟਿਕ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।ਇਨ੍ਹਾਂ ਹਮਲਿਆਂ ਵਿੱਚ ਕੋਈ ਵੀ ਅਮਰੀਕੀ ਸੇਵਾ ਮੈਂਬਰ ਜ਼ਖਮੀ ਨਹੀਂ ਹੋਇਆ। ਜਵਾਬ ਵਿੱਚ, ਅਮਰੀਕਾ ਨੇ ਪੰਜ ਟੈਂਕਰਾਂ ਨੂੰ ਨਿਸ਼ਾਨਾ ਬਣਾਇਆ। ਓਮਾਨ ਦੀ ਖਾੜੀ ਵਿੱਚ ਮੌਜੂਦ ਕਿਵਿਕ, ਚਾਰਮੀਨਾਰ, ਹੋਰਾਈਜ਼ਨ-1, ਰਿਸਕੋ ਟੈਂਕਰ ਅਤੇ ਹੋਰਮੁਜ਼ ਜਲਡਮਰੂ ਵਿੱਚ ਖਾਰਗ ਟਾਪੂ ਦੇ ਨੇੜੇ ਮੌਜੂਦ ਪੰਜਵਾਂ ਜਹਾਜ਼, ਡੇਰੀਆ ਨੂੰ ਅਮਰੀਕਾ ਨੇ ਨਿਸ਼ਾਨਾ ਬਣਾਇਆ। ਅਮਰੀਕੀ ਹਮਲੇ ਤੋਂ ਬਾਅਦ, ਈਰਾਨ ਨੇ ਜਵਾਬੀ ਕਾਰਵਾਈ ਕੀਤੀ।

ਈਰਾਨੀ ਸਰਕਾਰੀ ਮੀਡੀਆ ਦੇ ਅਨੁਸਾਰ, ਜਾਰਡਨ ਵਿੱਚ ਅਮਰੀਕੀ ਠਿਕਾਣਿਆਂ ਵੱਲ ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਜਾਰਡਨ ਦੀ ਫੌਜ ਨੇ ਰਿਪੋਰਟ ਦਿੱਤੀ ਕਿ ਇਸਦੇ ਹਵਾਈ ਰੱਖਿਆ ਪ੍ਰਣਾਲੀ ਨੇ ਹਵਾ ਵਿੱਚ 18 ਬੈਲਿਸਟਿਕ ਮਿਜ਼ਾਈਲਾਂ ਨੂੰ ਰੋਕਿਆ। ਦੋ ਹੋਰ ਮਿਜ਼ਾਈਲਾਂ ਅਣਜਾਣ ਖੇਤਰਾਂ ਵਿੱਚ ਡਿੱਗੀਆਂ। ਜਾਰਡਨ ਨੇ ਕਿਸੇ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਕੀਤੀ ਹੈ। ਇਸ ਦੌਰਾਨ, ਈਰਾਨੀ ਰੈਵੋਲਿਊਸ਼ਨਰੀ ਗਾਰਡਜ਼ ਨੇ ਕੁਵੈਤ ਅਤੇ ਬਹਿਰੀਨ ਦੇ ਨੇੜੇ ਤੇਲ ਟੈਂਕਰਾਂ ਨੂੰ ਤੁਰੰਤ ਪਿੱਛੇ ਹਟਣ ਦਾ ਹੁਕਮ ਦਿੱਤਾ ਹੈ। ਇਸ ਤੋਂ ਇਲਾਵਾ, ਈਰਾਨ ਨੇ ਦੋਵਾਂ ਦੇਸ਼ਾਂ 'ਤੇ ਅਮਰੀਕੀ ਫੌਜਾਂ ਨੂੰ ਪਨਾਹ ਦੇਣ ਅਤੇ ਹਮਲਿਆਂ ਵਿੱਚ ਸਹਾਇਤਾ ਕਰਨ ਦਾ ਦੋਸ਼ ਲਗਾਇਆ।

ਇੱਕ ਬਿਆਨ ਵਿੱਚ, ਈਰਾਨੀ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਕਿ ਉਸਨੇ ਅਲ-ਅਜ਼ਰਕ ਏਅਰ ਬੇਸ 'ਤੇ ਅਮਰੀਕੀ ਫੌਜੀ 6-35, 6-16, ਅਤੇ 6-15 ਲੜਾਕੂ ਜਹਾਜ਼ਾਂ ਦੀ ਮੁਰੰਮਤ, ਰੱਖ-ਰਖਾਅ, ਤਿਆਰੀ ਅਤੇ ਤਾਇਨਾਤੀ ਲਈ ਵਰਤੇ ਜਾਣ ਵਾਲੇ ਇੱਕ ਹੈਂਗਰ ਨੂੰ ਨਿਸ਼ਾਨਾ ਬਣਾਇਆ। ਈਰਾਨੀ ਰੈਵੋਲਿਊਸ਼ਨਰੀ ਗਾਰਡਜ਼ ਨੇ ਦਾਅਵਾ ਕੀਤਾ ਕਿ ਹਮਲੇ ਨੇ ਦੁਸ਼ਮਣ ਨੂੰ ਭਾਰੀ ਨੁਕਸਾਨ ਪਹੁੰਚਾਇਆ।

ਨਿਊਜ਼ ਏਜੰਸੀ ਦੇ ਅਨੁਸਾਰ, ਜਾਰਡਨ ਦੀ ਫੌਜ ਨੇ ਬੁੱਧਵਾਰ ਨੂੰ ਕਿਹਾ ਕਿ ਉਸਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਈਰਾਨ ਦੁਆਰਾ ਦਾਗੀਆਂ ਗਈਆਂ 20 ਬੈਲਿਸਟਿਕ ਮਿਜ਼ਾਈਲਾਂ ਵਿੱਚੋਂ 18 ਨੂੰ ਨਸ਼ਟ ਕਰ ਦਿੱਤਾ। ਫੌਜ ਦੇ ਅਨੁਸਾਰ, ਬਾਕੀ ਦੋ ਮਿਜ਼ਾਈਲਾਂ ਉਜਾੜ ਖੇਤਰਾਂ ਵਿੱਚ ਡਿੱਗੀਆਂ, ਅਤੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

ਭਾਰਤ ਦਾ ਪਹਿਲਾ ਸਵਦੇਸ਼ੀ ਸਮੁੰਦਰੀ ਖੋਜ ਜਹਾਜ਼ ਜੀ.ਆਰ.ਐਸ.ਈ. ਵੱਲੋਂ



ਕੋਲਕਾਤਾ, 9 ਸਤੰਬਰ (ਚ.ਨ.ਸ.):ਗਾਰਡਨ ਰੀਚ ਸ਼ਿਪਬਿਲਡਰਸ ਐਂਡ ਇੰਜੀਨੀਅਰਜ਼ (ਜੀਆਰਐਸਈ) ਲਿਮਟਿਡ, ਜੋ ਕਿ ਰੱਖਿਆ ਮੰਤਰਾਲੇ ਦੇ ਅਧੀਨ ਇੱਕ ਨਵਰਤਨ ਰੱਖਿਆ ਜਨਤਕ ਖੇਤਰ ਦੇ ਅਦਾਰੇ ਹੈ, ਨੇ ਬੁੱਧਵਾਰ ਨੂੰ ਭਾਰਤ ਸਰਕਾਰ ਦੇ ਧਰਤੀ ਵਿਗਿਆਨ ਮੰਤਰਾਲੇ ਦੇ ਰਾਸ਼ਟਰੀ ਪੋਲਰ ਅਤੇ ਸਮੁੰਦਰੀ ਖੋਜ ਕੇਂਦਰ (ਐਨ.ਸੀ.ਪੀ.ਓ.ਆਰ.) ਲਈ ਸਾਗਰ ਮੰਥਨ, ਸਮੁੰਦਰੀ ਖੋਜ ਜਹਾਜ਼ (ਓਆਰਵੀ) ਲਾਂਚ ਕੀਤਾ।ਇਹ ਭਾਰਤ ਵਿੱਚ ਬਣਾਇਆ ਜਾਣ ਵਾਲਾ ਆਪਣੀ ਕਿਸਮ ਦਾ ਪਹਿਲਾ ਓਆਰਵੀ ਹੈ। ਇਹ ਲਾਂਚ ਜਹਾਜ਼ ਦੇ ਕੀਲ ਲੇਇੰਗ ਤੋਂ ਸਿਰਫ਼ ਪੰਜ ਮਹੀਨੇ ਬਾਅਦ ਹੋਇਆ ਹੈ, ਜੋ ਕਿ ਸ਼ਿਪਯਾਰਡ ਦੀ ਸਮਾਂ-ਸਾਰਣੀ ਬਣਾਈ ਰੱਖਣ ਦੀ ਸਮਰੱਥਾ ਨੂੰ ਉਜਾਗਰ ਕਰਦਾ ਹੈ।ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਅਤੇ ਧਰਤੀ ਵਿਗਿਆਨ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ (ਸੁਤੰਤਰ ਚਾਰਜ) ਡਾ. ਜਿਤੇਂਦਰ ਸਿੰਘ, ਜਿਨ੍ਹਾਂ ਨੂੰ ਵਰਚੁਅਲ ਤੌਰ 'ਤੇ ਮੁੱਖ ਮਹਿਮਾਨ ਵਜੋਂ ਸਮਾਗਮ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ, ਅਜਿਹਾ ਕਰਨ ਵਿੱਚ ਅਸਮਰੱਥ ਰਹੇ। ਹਾਲਾਂਕਿ, ਉਨ੍ਹਾਂ ਨੇ ਜੀਆਰਐਸਈ ਅਤੇ ਐਨ.ਸੀ.ਪੀ.ਓ.ਆਰ.ਦੋਵਾਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦੇ ਹੋਏ ਇੱਕ ਸੁਨੇਹਾ ਭੇਜਿਆ।ਮੰਤਰੀ ਨੇ ਇਹ ਵੀ ਦੱਸਿਆ ਕਿ ਓਆਰਵੀ 2028 ਵਿੱਚ ਭਾਰਤ ਦੇ ਡੂੰਘੇ ਸਮੁੰਦਰੀ ਖੋਜ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਧਰਤੀ ਵਿਗਿਆਨ ਮੰਤਰਾਲੇ ਦੇ ਸਕੱਤਰ ਡਾ. ਸ਼੍ਰੀਨਿਵਾਸ ਕੁਮਾਰ ਤੁਮਾਲਾ, ਕੋਲਕਾਤਾ ਵਿੱਚ ਜੀਆਰਐਸਈ ਦੇ ਰਿਸ਼ੀ ਬੰਕਿਮ ਸ਼ਿਪਯਾਰਡ ਵਿੱਚ ਹੋਏ ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ।

ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ ਅਤੇ ਲੱਖਾ ਸਿਧਾਣਾ ਹਲਕਾ ਇੰਚਾਰਜ ਨਿਯੁਕਤ

ਤਲਵੰਡੀ ਸਾਬੋ ਤੋਂ ਮਨਦੀਪ ਸਿੱਧੂ ਅਤੇ ਮੌੜ ਤੋਂ ਲੱਖਾ ਸਿਧਾਣਾ ਨੂੰ ਸੌਂਪੀ ਜ਼ਿੰਮੇਵਾਰੀ

ਅੰਮ੍ਰਿਤਸਰ, 9 ਸਤੰਬਰ (ਚ.ਨ.ਸ.):ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਆਗਾਮੀ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਕਰਦਿਆਂ ਹਲਕਾ ਤਲਵੰਡੀ ਸਾਬੋ ਤੋਂ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਅਤੇ ਹਲਕਾ ਮੌੜ ਤੋਂ ਲੱਖਾ ਸਿਧਾਣਾ ਨੂੰ ਹਲਕਾ ਇੰਚਾਰਜ ਲਗਾਇਆ ਗਿਆ ਹੈ। ਮੁੱਖ ਦਫ਼ਤਰ ਸਕੱਤਰ ਪ੍ਰਗਟ ਸਿੰਘ ਮੀਆਂਵਿੰਡ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਇਸ ਐਲਾਨ ਨਾਲ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੇ ਦੋਵੇਂ ਮਹੱਤਵਪੂਰਨ ਵਿਧਾਨ ਸਭਾ ਹਲਕਿਆਂ ਵਿੱਚ ਆਪਣੀ ਸਿਆਸੀ ਪਕੜ ਹੋਰ ਮਜ਼ਬੂਤ ਕਰਨ ਵੱਲ ਕਦਮ ਵਧਾਇਆ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਪੰਜਾਬ ਦੇ ਹੱਕਾਂ, ਨੌਜਵਾਨੀ ਦੀ ਆਵਾਜ਼ ਅਤੇ ਪੰਜਾਬ ਦੀ ਹੋਂਦ ਦੀ ਲੜਾਈ ਨੂੰ ਲੋਕਾਂ ਦੀ ਕਚਹਿਰੀ ਤੱਕ ਲੈ ਕੇ ਜਾਣਗੇ।

ਪਾਰਟੀ ਆਗੂਆਂ ਮੁਤਾਬਕ ਅਕਾਲੀ ਦਲ 'ਵਾਰਿਸ ਪੰਜਾਬ ਦੇ' ਰਵਾਇਤੀ ਸਿਆਸਤ ਤੋਂ ਹੱਟ ਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ, ਹੱਕਾਂ ਅਤੇ ਭਵਿੱਖ ਨਾਲ ਜੁੜੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖ ਕੇ ਚੋਣ ਮੈਦਾਨ ਵਿੱਚ ਉੱਤਰ ਰਿਹਾ ਹੈ।

ਉੱਥੇ ਹੀ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਵੱਲੋਂ ਹੋਰ ਹਲਕਾ ਇੰਚਾਰਜਾਂ ਦੇ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਪਾਰਟੀ ਨੇ ਦੋਵਾਂ ਆਗੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਵਰਕਰਾਂ ਅਤੇ ਸਮਰਥਕਾਂ ਨੂੰ ਚੋਣ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਸਰਗਰਮ ਹੋਣ ਦਾ ਸੱਦਾ ਦਿੱਤਾ ਹੈ।

ਪੱਛਮੀ ਏਸ਼ੀਆ 'ਚ ਵਧਦੇ ਤਣਾਅ ਕਾਰਨ ਕੱਚਾ ਤੇਲ 100 ਡਾਲਰ ਤੋਂ ਪਾਰ



ਨਵੀਂ ਦਿੱਲੀ, 9 ਸਤੰਬਰ (ਚ.ਨ.ਸ.):ਪੱਛਮੀ ਏਸ਼ੀਆ ਵਿੱਚ ਲਗਾਤਾਰ ਵੱਧ ਰਹੇ ਗੰਭੀਰ ਸੰਕਟ ਅਤੇ ਖੇਤਰ ਤੋਂ ਤੇਲ ਦੀ ਸਪਲਾਈ ਠੱਪ ਹੋਣ ਦੇ ਡਰੋਂ ਬੁੱਧਵਾਰ ਨੂੰ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ 24 ਜੁਲਾਈ ਤੋਂ ਬਾਅਦ ਪਹਿਲੀ ਵਾਰ 100 ਅਮਰੀਕੀ ਡਾਲਰ ਪ੍ਰਤੀ ਬੈਰਲ ਦੇ ਅੰਕੜੇ ਨੂੰ ਪਾਰ ਕਰ ਗਈਆਂ ਹਨ।ਅਮਰੀਕਾ ਅਤੇ ਇਰਾਨ ਵਿਚਾਲੇ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੇ ਟਕਰਾਅ ਦੇ ਪੱਕੇ ਹੱਲ ਦੀਆਂ ਉਮੀਦਾਂ ਧੁੰਦਲੀਆਂ ਪੈਣ ਨਾਲ ਪਿਛਲੇ ਮਹੀਨੇ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੀਮਤਾਂ ਵਿੱਚ ਲੱਗਭੱਗ 25 ਫੀਸਦੀ (ਇੱਕ ਚੌਥਾਈ) ਦਾ ਵਾਧਾ ਦਰਜ ਕੀਤਾ ਗਿਆ ਹੈ।ਇਸ ਹਫ਼ਤੇ ਇਰਾਨ ਸਮਰਥਿਤ ਹੂਤੀ ਬਾਗੀਆਂ ਵੱਲੋਂ ਸਾਊਦੀ ਅਰਬ ਦੇ ਊਰਜਾ ਢਾਂਚੇ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਕਈ ਤੇਲ ਪਲਾਂਟਾਂ ਵਿੱਚ ਅੱਗ ਲੱਗ ਗਈ, ਜਿਸ ਨਾਲ ਜੰਗ ਦੇ ਹੋਰ ਫੈਲਣ ਦਾ ਖਦਸ਼ਾ ਵਧ ਗਿਆ ਹੈ। ਹੋਰਮੁਜ਼ ਜਲਡਮਰੂਮੱਧ ਦੇ ਅਹਿਮ ਰਸਤੇ 'ਲਾਲ ਸਾਗਰ' ਰਾਹੀਂ ਹੋਣ ਵਾਲੀ ਕੱਚੇ ਤੇਲ ਦੀ ਬਰਾਮਦ ਵੀ ਇਨ੍ਹਾਂ ਹੂਤੀ ਹਮਲਿਆਂ ਕਾਰਨ ਖ਼ਤਰੇ ਵਿੱਚ ਪੈ ਸਕਦੀ ਹੈ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਇਰਾਨੀ ਸੰਕਟ ਸ਼ੁਰੂ ਹੋਣ ਤੋਂ ਬਾਅਦ ਹੋਰਮੁਜ਼ ਰਾਹੀਂ ਤੇਲ ਦੀ ਆਵਾਜਾਈ ਵਿੱਚ ਪਹਿਲਾਂ ਹੀ ਭਾਰੀ ਕਮੀ ਆਈ ਹੈ।

ਕੈਬਨਿਟ ਵੱਲੋਂ ਤਿੰਨ ਰੇਲ ਪ੍ਰੋਜੈਕਟਾਂ ਨੂੰ ਮਨਜ਼ੂਰੀ

ਵਧੇਗੀ। ਇਹ ਰੇਲ ਸੰਚਾਲਨ ਨੂੰ ਸੁਵਿਧਾਜਨਕ ਬਣਾਏਗਾ ਅਤੇ ਭੀੜ ਨੂੰ ਘਟਾਉਣ 'ਚ ਮੱਦਦ ਕਰੇਗਾ। ਇਹ ਤਿੰਨ ਪ੍ਰੋਜੈਕਟ ਪੱਛਮੀ ਬੰਗਾਲ, ਝਾਰਖੰਡ, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ 14 ਜ਼ਿਲ੍ਹਿਆਂ 'ਚੋਂ ਹੋ ਕੇ ਲੰਘਣਗੇ। ਇਨ੍ਹਾਂ ਦੇ ਨਿਰਮਾਣ ਨਾਲ ਮੌਜੂਦਾ ਭਾਰਤੀ ਰੇਲਵੇ ਨੈੱਟਵਰਕ 'ਚ ਲੱਗਭੱਗ 656 ਕਿਲੋਮੀਟਰ ਦਾ ਵਾਧਾ ਹੋਵੇਗਾ।

ਸਰਕਾਰ ਨੇ ਕਿਹਾ ਕਿ ਪ੍ਰਸਤਾਵਿਤ ਮਲਟੀ-ਟਰੈਕਿੰਗ ਪ੍ਰੋਜੈਕਟ ਲੱਗਭੱਗ 4,790 ਪਿੰਡਾਂ ਨੂੰ ਬਿਹਤਰ ਰੇਲ ਸੰਪਰਕ ਪ੍ਰਦਾਨ ਕ

ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ 'ਪਦਮਸ਼੍ਰੀ' ਜਗਜੀਤ ਸਿੰਘ ਦਰਦੀ ਦੇ ਭੈਣ ਜੀ ਅਤੇ ਸੀ.ਐਮ. ਹਰਿਆਣਾ ਦੇ ਓ.ਐਸ.ਡੀ. ਡਾ.ਪ੍ਰਭਲੀਨ ਸਿੰਘ ਦੇ ਮਾਤਾ ਜੀ ਦਾ ਹੋਇਆ ਅੰਤਿਮ ਸਸਕਾਰ

ਵੱਡੀ ਗਿਣਤੀ 'ਚ ਧਾਰਮਿਕ, ਸਿਆਸੀ ਅਤੇ ਸਮਾਜਿਕ ਸ਼ਖ਼ਸ਼ੀਅਤਾਂ ਨੇ ਦਿੱਤੀ ਸ਼ਰਧਾਂਜਲੀ















ਸਫਾ ਇੱਕ ਦੀ ਬਾਕੀ

ਜਦਕਿ ਹਰਿਆਣਾ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਮੇਤ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਮੁੱਚੇ ਮੈਂਬਰ ਅਤੇ ਆਗੂ ਸ਼ਾਮਲ ਹੋਏ। ਇਸ ਮੌਕੇ ਪਦਮਸ਼੍ਰੀ ਡਾ ਜਗਜੀਤ ਸਿੰਘ ਦਰਦੀ ਨੇ ਦੱਸਿਆ ਕਿ ਸ਼੍ਰੀਮਤੀ ਇੰਦਰਜੀਤ ਕੌਰ ਜੋ ਸ਼ੁਰੂ ਤੋਂ ਪਰਮਾਤਮਾ ਵਿੱਚ ਵਿਸ਼ਵਾਸ ਕਰਦੇ ਸਨ ਅਤੇ ਉਹ ਸਵੇਰੇ ਸ਼ਾਮ ਪਾਠ ਕਰਦੇ ਸਨ। ਰੋਜ਼ਾਨਾ ਨਿਤਨੇਮ ਅਤੇ ਗੁਰੂ ਦੀ ਸ਼ਰਨ ਚ ਸਰਬੱਤ ਦੇ ਭਲੇ ਦੀ ਅਰਦਾਸ ਵੀ ਕਰਦੇ ਸਨ।

ਉਨਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਅਚਾਨਕ ਉਹਨਾਂ ਦੀ ਸਿਹਤ ਖਰਾਬ ਹੋਈ ਅਤੇ ਉਦੋਂ ਤੋਂ ਹੀ ਉਹ ਬਿਮਾਰ ਚੱਲ ਰਹੇ ਸਨ, ਜਿਸ ਕਰਕੇ ਅੱਜ ਤੜਕਸਾਰ ਉਨਾਂ ਨੇ ਆਖਰੀ ਸਾਹ ਲਏ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਹਰਿਆਣਾ ਮੁੱਖ ਮੰਤਰੀ ਦੇ ਓ ਐੱਸ ਡੀ ਪਵਨ ਚੌਧਰੀ, ਸ ਹਰਿੰਦਰਪਾਲ ਸਿੰਘ ਟੌਹੜਾ, ਸ ਸਤਵੀਰ ਸਿੰਘ ਖਟੜਾ, ਸ ਪ੍ਰਭਜੀਤ ਸਿੰਘ ਚੌਧਰੀ, ਚੜ੍ਹਦੀਕਲਾ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਦਰਦੀ, ਸ ਅੰਮ੍ਰਿਤਪਾਲ ਸਿੰਘ, ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ, ਜਥੇਦਾਰ ਇੰਦਰਮੋਹਨ ਸਿੰਘ ਬਜਾਜ, ਹਰਮਿੰਦਰਪਾਲ ਸਿੰਘ ਬਿੰਟੀ, ਚਰਨਜੀਤ ਸਿੰਘ ਗਰੇਵਰ, ਗੁਰਜੀਤ ਸਿੰਘ ਕੋਹਲੀ, ਕਰਨਵੀਰ ਸਿੰਘ ਟੌਹੜਾ, ਨਾਭਾ ਤੇ ਵਿਧਾਇਕ ਦੇ ਵਿਮਾਨ ਸਮੇਤ ਸਮੁੱਚੀ ਹਰਿਆਣਾ ਕੈਬਨਟ ਨੇ ਵੀ ਸ਼ੋਕ ਪ੍ਰਗਟ ਕੀਤਾ ਅਤੇ ਹਰਿਆਣਾ ਸਰਕਾਰ ਦੇ ਵਿਧਾਇਕਾਂ ਚੇਅਰਮੈਨ ਅਤੇ ਮੌਜੂਦਾ ਸਰਕਾਰ ਦੇ ਸਾਰੇ ਨੁਮਾਇੰਦਿਆਂ ਨੇ ਡ ਪ੍ਰਭਲੀਨ ਸਿੰਘ ਨੂੰ ਫੋਨ ਰਾਹੀਂ ਦੁੱਖ ਸਾਂਝਾ ਕੀਤਾ। ਇਸ ਸਮੇਤ ਚੜ੍ਹਦੀਕਲਾ ਅਦਾਰੇ ਦਾ ਸਮੁੱਚਾ ਸਟਾਫ ਮੌਜੂਦ ਰਿਹਾ। ਸਵਰਗੀ ਇੰਦਰਜੀਤ ਕੌਰ ਦੀ ਅੰਤਿਮ ਅਰਦਾਸ ਐਤਵਾਰ 13 ਸਤੰਬਰ ਨੂੰ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਮੋਤੀਬਾਗ ਸਾਹਿਬ ਪਟਿਆਲਾ ਵਿਖੇ ਹੋਵੇਗੀ।

ਸਟਾਰਟਅੱਪ ਨੀਤੀ-2025 ਅਧੀਨ ਸਟਾਰਟਅੱਪਸ ਅਤੇ ਇਨਕਿਊਬੇਟਰਾਂ ਨੂੰ ਵੰਡੀਆਂ ਗ੍ਰਾਂਟਾਂ





ਚੰਡੀਗੜ੍ਹ, 9 ਸਤੰਬਰ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਸਟਾਰਟਅੱਪ ਨੀਤੀ-2025 ਅਧੀਨ ਸਟਾਰਟਅੱਪ ਗ੍ਰਾਂਟ ਵੰਡ ਸਮਾਰੋਹ 9 ਸਤੰਬਰ, 2026 ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਉਦਯੋਗ ਵਿਭਾਗ ਦੁਆਰਾ ਨਵੇਂ ਯੂਟੀ ਸਕੱਤਰੇਤ, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ ਸੀ। ਇਹ ਸਮਾਰੋਹ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸਟਾਰਟਅੱਪਸ ਅਤੇ ਇਨਕਿਊਬੇਟਰਾਂ ਲਈ ਸਹਾਇਤਾ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਮਾਨਯੋਗ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਚੰਡੀਗੜ੍ਹ ਪ੍ਰਸ਼ਾਸਨ ਦੇ ਮੁੱਖ ਸਕੱਤਰ, ਸ਼੍ਰੀ ਐਚ. ਰਾਜੇਸ਼ ਪ੍ਰਸਾਦ, ਆਈਏਐਸ, ਇਸ ਮੌਕੇ ਮੌਜੂਦ ਸਨ। ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ - ਗ੍ਰਹਿ ਸਕੱਤਰ, ਸ਼੍ਰੀ ਮਨਦੀਪ ਸਿੰਘ ਬਰਾੜ, ਆਈਏਐਸ; ਵਿੱਤ ਸਕੱਤਰ, ਸ਼੍ਰੀ ਦੀਪਰਵ ਲਾਕੜਾ, ਆਈਏਐਸ; ਡਿਪਟੀ ਕਮਿਸ਼ਨਰ-ਕਮ-ਸੈਕਟਰੀ ਆਫ ਇੰਡਸਟਰੀਜ਼, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ; ਅਤੇ ਡਾਇਰੈਕਟਰ ਆਫ ਇੰਡਸਟਰੀਜ਼, ਸ਼੍ਰੀ ਪ੍ਰਦਿਊਮਨ ਸਿੰਘ, ਐਚਸੀਐਸ - ਵੀ ਇਸ ਸਮਾਗਮ ਵਿੱਚ ਮੌਜੂਦ ਸਨ। ਉਨ੍ਹਾਂ ਦੀ ਮੌਜੂਦਗੀ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਨਵੀਨਤਾ, ਉੱਦਮਤਾ ਅਤੇ ਸਟਾਰਟਅੱਪ-ਅਗਵਾਈ ਵਾਲੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ।ਇਸ ਸਮਾਗਮ ਵਿੱਚ ਚੰਡੀਗੜ੍ਹ ਦੇ ਉਦਯੋਗਿਕ ਸੰਗਠਨਾਂ, ਸਟਾਰਟਅੱਪ, ਸੈਕਟਰ ਇਨਕਿਊਬੇਟਰ, ਵਿਦਿਅਕ ਸੰਸਥਾਵਾਂ, ਸਰਕਾਰੀ ਵਿਭਾਗਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਨੇ ਸ਼ਿਰਕਤ ਕੀਤੀ। ਚੰਡੀਗੜ੍ਹ ਪ੍ਰਸ਼ਾਸਨ ਦੇ ਉਦਯੋਗ ਸਕੱਤਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਚੰਡੀਗੜ੍ਹ ਸਟਾਰਟਅੱਪ ਨੀਤੀ-2025 ਦੇ ਮੁੱਖ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਨੀਤੀ ਦੇ ਤਹਿਤ ਅਰਜ਼ੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਮਾਣਯੋਗ ਪ੍ਰਸ਼ਾਸਕ ਨੇ ਚੰਡੀਗੜ੍ਹ ਵਿੱਚ ਨਵੀਨਤਾ, ਉੱਦਮਤਾ ਅਤੇ ਇੱਕ ਸਹਾਇਕ ਸਟਾਰਟਅੱਪ ਈਕੋਸਿਸਟਮ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ @ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਟਾਰਟਅੱਪ ਅਤੇ ਇਨਕਿਊਬੇਟਰਾਂ ਨੂੰ ਸਮੇਂ ਸਿਰ ਵਿੱਤੀ ਅਤੇ ਸੰਸਥਾਗਤ ਸਹਾਇਤਾ ਪ੍ਰਦਾਨ ਕਰਨ ਨਾਲ ਉੱਭਰ ਰਹੇ ਉੱਦਮੀਆਂ ਨੂੰ ਉਨ੍ਹਾਂ ਦੇ ਵਿਚਾਰਾਂ ਨੂੰ ਸਕੇਲ ਕਰਨ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਸਟਾਰਟਅੱਪ ਅਤੇ ਇਨਕਿਊਬੇਟਰਾਂ ਨੂੰ ਚੰਡੀਗੜ੍ਹ ਸਟਾਰਟਅੱਪ ਨੀਤੀ-2025 ਦੇ ਤਹਿਤ ਉਪਲਬਧ ਸਹਾਇਤਾ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ ਅਤੇ ਇੱਕ ਜੀਵੰਤ ਉੱਦਮੀ ਈਕੋਸਿਸਟਮ ਬਣਾਉਣ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਸਮਾਗਮ ਵਿੱਚ ਅੱਠ ਸਟਾਰਟਅੱਪ ਅਤੇ ਚਾਰ ਇਨਕਿਊਬੇਟਰਾਂ ਨੂੰ ਗ੍ਰਾਂਟਾਂ ਪ੍ਰਦਾਨ ਕੀਤੀਆਂ ਗਈਆਂ। ਅੱਠ ਸਟਾਰਟਅੱਪਾਂ ਲਈ 85.80 ਲੱਖ ਅਤੇ ਚਾਰ ਇਨਕਿਊਬੇਟਰਾਂ ਲਈ 1.175 ਕਰੋੜ ਦੀ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦਿੱਤੀ ਗਈ। ਇਹ ਗ੍ਰਾਂਟ, ਕੁੱਲ ?2.033 ਕਰੋੜ, ਚੰਡੀਗੜ੍ਹ ਸਟਾਰਟਅੱਪ ਨੀਤੀ-2025 ਦੇ ਉਪਬੰਧਾਂ ਦੇ ਅਨੁਸਾਰ, ਸਬੰਧਤ ਇਨਕਿਊਬੇਟਰਾਂ ਰਾਹੀਂ ਪੜਾਅਵਾਰ ਵੰਡੀ ਜਾਵੇਗੀ। ਇਹ ਪਹਿਲਕਦਮੀ ਉੱਦਮਤਾ ਅਤੇ ਨਵੀਨਤਾ ਲਈ ਇੱਕ ਅਨੁਕੂਲ ਵਾਤਾਵਰਣ ਬਣਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ। ਭਵਿੱਖ ਵਿੱਚ, ਪ੍ਰਸ਼ਾਸਨ ਵਿਚਾਰ-ਉਤਪਤੀ ਸੈਸ਼ਨਾਂ, ਸਲਾਹ-ਮਸ਼ਵਰਾ ਅਤੇ ਸਲਾਹ-ਮਸ਼ਵਰਾ, ਨਿਵੇਸ਼ਕ ਪਹੁੰਚ, ਸਮਰੱਥਾ ਨਿਰਮਾਣ ਅਤੇ ਮਾਰਕੀਟ ਲਿੰਕੇਜ ਨਾਲ ਸਬੰਧਤ ਹੋਰ ਪਹਿਲਕਦਮੀਆਂ ਨੂੰ ਲਾਗੂ ਕਰਕੇ ਸਟਾਰਟਅੱਪ ਈਕੋਸਿਸਟਮ ਨੂੰ ਹੋਰ ਮਜ਼ਬੂਤ ਕਰੇਗਾ। ਇਹਨਾਂ ਪਹਿਲਕਦਮੀਆਂ ਵਿੱਚ ਹੋਰ ਸਟਾਰਟਅੱਪ ਅਤੇ ਇਨਕਿਊਬੇਟਰ ਸ਼ਾਮਲ ਹੋਣਗੇ, ਜੋ ਚੰਡੀਗੜ੍ਹ ਸਟਾਰਟਅੱਪ ਨੀਤੀ-2025 ਦੇ ਤਹਿਤ ਵਿਕਸਤ ਕੀਤੇ ਜਾ ਰਹੇ ਸਹਾਇਤਾ ਵਿਧੀਆਂ ਤੋਂ ਲਾਭ ਪ੍ਰਾਪਤ ਕਰਨਗੇ।

ਬੈਂਕ ਆਫ਼ ਇੰਡੀਆ ਵੱਲੋਂ ਵਿਜੀਲੈਂਸ ਜਾਗਰੂਕਤਾ ਪ੍ਰੋਗਰਾਮ



ਚੰਡੀਗੜ੍ਹ, 9 ਸਤੰਬਰ (ਚ.ਨ.ਸ.) : ਬੈਂਕ ਆਫ਼ ਇੰਡੀਆ, ਚੰਡੀਗੜ੍ਹ ਜ਼ੋਨ ਨੇ ਅੱਜ ਇੱਕ ਵਿਜੀਲੈਂਸ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਸ਼੍ਰੀ ਕੇ.ਐਨ.ਵੀ. ਚਿੰਨਾ ਰਾਓ, ਵਧੀਕ ਮੁੱਖ ਵਿਜੀਲੈਂਸ ਅਧਿਕਾਰੀ (ਸੀ.ਵੀ.ਓ.), ਸ਼੍ਰੀ ਅਨਿਲ ਕੁਮਾਰ ਵਰਮਾ, ਫੀਲਡ ਜਨਰਲ ਮੈਨੇਜਰ (ਐਫ.ਜੀ.ਐਮ.), ਅਤੇ ਸ਼੍ਰੀ ਰਾਜੇਸ਼ ਰੰਜਨ, ਖੇਤਰੀ ਮੈਨੇਜਰ ਦੀ ਮੌਜੂਦਗੀ ਸ਼ਾਮਲ ਸੀ। ਪ੍ਰੋਗਰਾਮ ਵਿੱਚ ਡਿਪਟੀ ਰੀਜਨਲ ਮੈਨੇਜਰ ਸ਼੍ਰੀ ਸੌਰਭ ਪ੍ਰਸਾਦ, ਖੇਤਰੀ ਦਫ਼ਤਰ ਅਤੇ ਫੀਲਡ ਜਨਰਲ ਮੈਨੇਜਰ ਦਫ਼ਤਰ (ਐਫ.ਜੀ.ਐਮ.ਓ.), ਚੰਡੀਗੜ੍ਹ ਦੇ ਹੋਰ ਸਹਾਇਕ ਜਨਰਲ ਮੈਨੇਜਰ (ਏ.ਜੀ.ਐਮ.), ਮੁੱਖ ਪ੍ਰਬੰਧਕ ਅਤੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ, ਨਾਲ ਹੀ ਨੇੜਲੀਆਂ ਸ਼ਾਖਾਵਾਂ ਦੇ ਸ਼ਾਖਾ ਮੁਖੀ ਵੀ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਕੇ.ਐਨ.ਵੀ. ਚਿੰਨਾ ਰਾਓ ਨੇ ਮੌਜੂਦਾ ਸਾਈਬਰ ਧੋਖਾਧੜੀ ਦੇ ਦ੍ਰਿਸ਼ ਅਤੇ ਰੋਕਥਾਮ ਉਪਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਸਟਾਫ ਨੂੰ ਮਿਊਲ ਅਕਾਉਂਟਸ ਰਾਹੀਂ ਕੀਤੀ ਜਾ ਰਹੀ ਧੋਖਾਧੜੀ ਦੇ ਢੰਗ-ਤਰੀਕੇ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਾਲ ਦੇ ਥੀਮ, ਖੁਸ਼ਹਾਲੀ ਲਈ ਇਮਾਨਦਾਰੀ 'ਤੇ ਬੋਲਦਿਆਂ, ਉਨ੍ਹਾਂ ਨੇ ਧੋਖਾਧੜੀ ਦੀ ਸੰਭਾਵਨਾ ਨੂੰ ਘੱਟ ਕਰਨ ਲਈ ਕਿਸੇ ਵੀ ਸ਼ੱਕੀ ਲੈਣ-ਦੇਣ, ਦਸਤਾਵੇਜ਼ ਜਾਂ ਵਿਅਕਤੀ ਦੀ ਜਾਂਚ, ਜਾਂਚ ਅਤੇ ਜਾਂਚ ਕਰਕੇ ਚੌਕਸ ਰਹਿਣ ਦੀ ਜ਼ਰੂਰਤ @ਤੇ ਜ਼ੋਰ ਦਿੱਤਾ, ਜਿਸ ਨਾਲ ਬੈਂਕ ਨੂੰ ਮਹੱਤਵਪੂਰਨ ਵਿੱਤੀ ਅਤੇ ਸਾਖ ਨੁਕਸਾਨ ਹੋ ਸਕਦਾ ਹੈ। ਸ਼੍ਰੀ ਰਾਓ ਨੇ ਜਨਤਕ ਵਿਸ਼ਵਾਸ ਅਤੇ ਪੈਸੇ ਨਾਲ ਨਜਿੱਠਣ ਵੇਲੇ ਇਮਾਨਦਾਰੀ, ਨੈਤਿਕਤਾ, ਇਮਾਨਦਾਰੀ ਅਤੇ ਨਿਰਪੱਖਤਾ ਦੀ ਸਖਤੀ ਨਾਲ ਪਾਲਣਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਸ ਸੰਦੇਸ਼ ਨੂੰ ਮਜ਼ਬੂਤ ਕਰਨ ਲਈ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇੱਕ ਰੰਗੋਲੀ ਮੁਕਾਬਲਾ ਵੀ ਸ਼ਾਮਲ ਹੈ, ਜਿਸ ਦੇ ਜੇਤੂਆਂ ਨੂੰ ਫੀਲਡ ਜਨਰਲ ਮੈਨੇਜਰ ਸ਼੍ਰੀ ਅਨਿਲ ਕੁਮਾਰ ਵਰਮਾ ਅਤੇ ਐਡੀਸ਼ਨਲ ਸੀਵੀਓ ਸ਼੍ਰੀ ਕੇ ਐਨ.ਵੀ. ਚਿੰਨਾ ਰਾਓ ਦੁਆਰਾ ਸਨਮਾਨਿਤ ਕੀਤਾ ਗਿਆ।

ਜਨਮ ਦਿਨ ਮੁਬਾਰਕ



ਅਵੀਰਾਜ ਸਿੰਘ




ਅਰਜੋਈ



ਅਸ਼ਮੀਤ ਕੌਰ



ਗੁਰਮਨ



ਖੁਸ਼ਲੀਨ ਕੌਰ, ਫਿਲਪਾਈਨਜ਼

ਸਿੱਖ ਜਥੇਬੰਦੀਆਂ ਖ਼ਿਲਾਫ਼ ਝੂਠੇ ਮੁਕੱਦਮਿਆਂ ਨੂੰ ਲੈ ਕੇ ਗੁ. ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਰੋਸ, ਰਾਜਸਥਾਨ-ਪੰਜਾਬ ਦੀਆਂ ਜਥੇਬੰਦੀਆਂ ਇਕਜੁੱਟ

ਸ੍ਰੀ ਗੰਗਾਨਗਰ, 9 ਸਤੰਬਰ (ਅੰਮ੍ਰਿਤਪਾਲ ਸਿੰਘ) : ਸਿੱਖ ਜਥੇਬੰਦੀਆਂ ਖ਼ਿਲਾਫ਼ ਦਰਜ ਕੀਤੇ ਜਾ ਰਹੇ ਕਥਿਤ ਝੂਠੇ ਮੁਕੱਦਮਿਆਂ ਨੂੰ ਲੈ ਕੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਰਾਜਸਥਾਨ ਅਤੇ ਪੰਜਾਬ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਪੁਲਿਸ ਕਾਰਵਾਈ ਅਤੇ ਕਥਿਤ ਸਿਆਸੀ ਦਖ਼ਲਅੰਦਾਜ਼ੀ 'ਤੇ ਕੇਸ ਸੱਚਾ ਸਾਬਤ ਕਰੋ ਤੇ 51 ਲੱਖ ਰੁਪਏ ਦਾ ਇਨਾਮ ਲੈ ਜਾਓ।' ਟਿੰਮਾ ਨੇ ਕਿਹਾ ਕਿ ਉਹ ਕਾਨੂੰਨ ਅਤੇ ਨਿਰਪੱਖ ਨਿਆਂਇਕ ਪ੍ਰਕਿਰਿਆ ਦਾ ਸਾਹਮਣਾ ਕਰਨ ਲਈ ਤਿਆਰ ਹਨ। ਮੀਟਿੰਗ ਦੌਰਾਨ ਗੋਲੂਵਾਲਾ ਦੇ ਤਤਕਾਲੀ ਥਾਣਾ ਮੁਖੀ ਤੇਜਵੰਤ ਸਿੰਘ ਬਰਾੜ ਦੀ ਕਥਿਤ ਕਾਰਜਪ੍ਰਣਾਲੀ ਨੂੰ ਲੈ ਕੇ ਵੀ ਗੰਭੀਰ ਸਵਾਲ ਉਠਾਏ ਗਏ। ਜਥੇਬੰਦੀਆਂ ਨੇ ਦੋਸ਼ ਲਗਾਇਆ ਕਿ ਪੁਲਿਸ ਅਧਿਕਾਰੀ ਵੱਲੋਂ ਕਥਿਤ ਤੌਰ 'ਤੇ ਇਹ ਕਿਹਾ ਗਿਆ ਕਿ ਕੋਰਟ ਬਰੀ ਕਰੇ ਜਾਂ ਸਜ਼ਾ ਦੇਵੇ, ਸਾਨੂੰ ਪਹਿਲਾਂ ਅੰਦਰ ਕਰਨਾ ਹੈ।' ਟਿੰਮਾ ਨੇ 31 ਤਾਰੀਖ਼ ਨੂੰ ਇੱਕ ਇਮੀਗ੍ਰੇਸ਼ਨ ਸੈਂਟਰ ਨਾਲ ਜੁੜੇ ਕਥਿਤ 18 ਲੱਖ ਰੁਪਏ ਦੇ ਵਿਵਾਦ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦਾ ਦੋਸ਼ ਹੈ ਕਿ ਲੰਡਨ ਭੇਜਣ ਦੇ ਨਾਂ 'ਤੇ ਰਕਮ ਲਈ ਗਈ ਅਤੇ ਖਾਲੀ ਚੈੱਕਾਂ ਦੀ ਵਰਤੋਂ ਨੂੰ ਲੈ ਕੇ ਵਿਵਾਦ ਪੈਦਾ ਹੋਇਆ। ਉਨ੍ਹਾਂ ਅਨੁਸਾਰ ਇਸ ਮਾਮਲੇ ਸਬੰਧੀ ਪੰਚਾਇਤ ਵੀ ਹੋਈ ਸੀ। ਟਿੰਮਾ ਨੇ ਦੋਸ਼ ਲਗਾਇਆ ਕਿ ਇਸ ਤੋਂ ਬਾਅਦ ਵਿਧਾਇਕ ਗੁਰਵੀਰ ਬਰਾੜ ਤੇ ਐਸ ਐਚ ਓ ਤੇਜਵੰਤ ਸਿੰਘ ਨੇ ਇਕ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਮਾਮਲੇ ਵਿੱਚ ਫਸਾਇਆ ਗਿਆ। ਮੀਟਿੰਗ ਵਿੱਚ ਗੁਰਦੁਆਰਾ ਮਹਿਤਾਬਗੜ੍ਹ ਸਾਹਿਬ ਨਾਲ ਜੁੜੇ ਪੁਰਾਣੇ ਵਿਵਾਦ ਅਤੇ ਪੁਲਿਸ ਕਾਰਵਾਈ ਨੂੰ ਲੈ ਕੇ ਵੀ ਸਵਾਲ ਉਠਾਏ ਗਏ। ਜਥੇਬੰਦੀਆਂ ਨੇ ਦੋਸ਼ ਲਗਾਇਆ ਕਿ ਹਮਲੇ ਦੇ ਮਾਮਲੇ ਵਿੱਚ ਨਾਮਜ਼ਦ ਵਿਅਕਤੀਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਨਹੀਂ ਕੀਤੀ ਗਈ। ਸਿੱਖ ਜਥੇਬੰਦੀਆਂ ਦੇ ਵਫ਼ਦ ਨੇ ਜ਼ਿਲ੍ਹਾ ਪੁਲਿਸ ਮੁਖੀ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਤਾਜ਼ਾ ਮਾਮਲੇ ਦੀ ਜਾਂਚ ਤੇਜਵੰਤ ਸਿੰਘ ਬਰਾੜ ਤੋਂ ਹਟਾ ਕੇ ਕਿਸੇ ਸੀਨੀਅਰ ਅਤੇ ਨਿਰਪੱਖ ਅਧਿਕਾਰੀ ਨੂੰ ਸੌਂਪੀ ਜਾਵੇ। ਜਥੇਬੰਦੀਆਂ ਨੇ ਕਿਹਾ ਕਿ ਜੇਕਰ ਨਿਰਪੱਖ ਜਾਂਚ ਯਕੀਨੀ ਨਾ ਬਣਾਈ ਗਈ ਤਾਂ ਰਾਜਸਥਾਨ ਅਤੇ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਲੋਕਤੰਤਰਿਕ ਢੰਗ ਨਾਲ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

ਮਾਰੀਸ਼ਸ ਦੀ ਹਾਈ ਕਮਿਸ਼ਨਰ ਵੱਲੋਂ ਐਸਬੀਐਮ ਬੈਂਕ ਇੰਡੀਆ ਦੀ ਗੁਰੂਗ੍ਰਾਮ ਸ਼ਾਖਾ ਦਾ ਉਦਘਾਟਨ



ਚੰਡੀਗੜ੍ਹ, 9 ਸਤੰਬਰ (ਚ.ਨ.ਸ.): ਐਸਬੀਐਮ ਬੈਂਕ (ਇੰਡੀਆ) ਲਿਮਿਟੇਡ ਨੇ ਅੱਜ ਗੁਰੂਗ੍ਰਾਮ ਵਿੱਚ ਆਪਣੀ ਨਵੀਂ ਸ਼ਾਖਾ ਦਾ ਉਦਘਾਟਨ ਕੀਤਾ। ਇਸ ਮੌਕੇ ਮੌਰੀਸ਼

ਮਾਝਾ-ਦੁਆਬਾ

ਆਸ ਪਾਸ

ਦੀਪਕ ਅਰੋੜਾ ਦੀ ਅਗਵਾਈ ਹੇਠ ਟੂ ਵੀਲਰ ਐਸੋ.ਦੇ ਮੈਂਬਰ ਅੰਮ੍ਰਿਤਸਰ ਪੁੱਜੇ



ਅੰਮ੍ਰਿਤਸਰ: 9 ਸਤੰਬਰ (ਬਬਲੂ ਮਹਾਜਨ) ਟੂ-ਵ$ਹੀਲਰ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਸਰਦਾਰ ਤੇਜਾ ਸਿੰਘ, ਪੰਜਾਬ ਪ੍ਰਧਾਨ ਦੀਪਕ ਅਰੋੜਾ, ਉਪ ਪ੍ਰਧਾਨ ਪੰਕਜ ਵਿਜ ਅਤੇ ਮਹਾਸਚਿਵ ਦਲਜੀਤ ਵਿਰਕ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਕਰੀਬ 100 ਮੈਂਬਰਾਂ ਦਾ ਜਥਾ ਗੁਰੂ ਨਗਰੀ ਅੰਮ੍ਰਿਤਸਰ ਪੁੱਜਿਆ। ਇਸ ਮੌਕੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਉਪਰੰਤ ਜਥੇ ਵੱਲੋਂ ਸ੍ਰੀ ਦੁਰਗਿਆਣਾ ਮੰਦਰ ਵਿਖੇ ਵੀ ਮੱਥਾ ਟੇਕਿਆ ਗਿਆ।ਅੰਮ੍ਰਿਤਸਰ ਪਹੁੰਚਣ 'ਤੇ ਅੰਮ੍ਰਿਤਸਰ ਟੂ-ਵ$ਹੀਲਰ ਐਸੋਸੀਏਸ਼ਨ ਦੇ ਦੋਵੇਂ ਜ਼ਿਲ੍ਹਾ ਪ੍ਰਧਾਨ ਲਲਿਤ ਵੋਹਰਾ ਅਤੇ ਜਤਿਨ ਚੋਪੜਾ ਦੀ ਅਗਵਾਈ ਹੇਠ ਪੂਰੀ ਟੀਮ ਨੇ ਪੰਜਾਬ ਪ੍ਰਧਾਨ ਦੀਪਕ ਅਰੋੜਾ ਸਮੇਤ ਪੰਜਾਬ ਭਰ ਤੋਂ ਪਹੁੰਚੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਇਸ ਮੌਕੇ ਅੰਮ੍ਰਿਤਸਰ ਟੂ-ਵ$ਹੀਲਰ ਆਟੋ ਡੀਲਰ ਐਸੋਸੀਏਸ਼ਨ ਦੇ ਫਾਊਂਡਰ ਸਰਦਾਰ ਤਰਵਿੰਦਰ ਸਿੰਘ, ਚੇਅਰਮੈਨ ਸਰਦਾਰ ਤ੍ਰਿਲੋਚਨ ਸਿੰਘ, ਉਪ ਪ੍ਰਧਾਨ ਰਾਜੇਸ਼ ਭੋਪਾਲ, ਜਨਰਲ ਸਕੱਤਰ ਸਰਦਾਰ ਦਲਜੀਤ ਸਿੰਘ ਤੋਂ ਇਲਾਵਾ ਅੰਮ੍ਰਿਤਸਰ ਆਟੋ ਡੀਲਰ ਐਸੋਸੀਏਸ਼ਨ ਦੇ ਚੇਅਰਮੈਨ ਰਾਜੇਸ਼ ਬੱਤਰਾ, ਸਰਦਾਰ ਦਲਜੀਤ ਸਿੰਘ, ਜਸਪ੍ਰੀਤ ਸਿੰਘ, ਨਿਤੇਸ਼, ਰਵੀ ਅਤੇ ਹੋਰ ਮੈਂਬਰ ਹਾਜ਼ਰ ਸਨ। ਇਸ ਦੌਰਾਨ ਐਸੋਸੀਏਸ਼ਨ ਦੀ ਏਕਤਾ ਅਤੇ ਭਵਿੱਖੀ ਕਾਰਜਾਂ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ 'ਚ 'ਖੇਡਾਂ ਵਤਨ ਪੰਜਾਬ ਦੀਆਂ' ਦਾ ਅਹਿਮ ਯੋਗਦਾਨ : ਵਿਧਾਇਕ ਲਾਲਪੁਰਾ

ਰੰਗਲੇ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦਾ ਦਿੱਤਾ ਸੱਦਾ



ਤਰਨ ਤਾਰਨ, 9 ਸਤੰਬਰ : ਭਗਤ ਸਿੰਘ ਸੰਧੂ : ਵਿਧਾਇਕ ਖਡੂਰ ਸਾਹਿਬ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਅੱਜ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਸਮੇਤ 'ਖੇਡਾਂ ਵਤਨ ਪੰਜਾਬ ਦੀਆਂ-2026' ਸਬੰਧੀ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਹਿਲਵੜ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ, ਜ਼ਿਲ੍ਹਾ ਯੂਥ ਪ੍ਰਧਾਨ ਸ਼ਹਿਬਾਜ਼ ਸਿੰਘ, ਪੰਜਾਬ ਸਪੋਰਟਸ ਵੈਲਫੇਅਰ ਬੋਰਡ ਤਰਨ ਤਾਰਨ ਦੇ ਚੇਅਰਮੈਨ ਯਾਦਵਿੰਦਰ ਸਿੰਘ ਯਾਦੂ ਅਤੇ ਹੋਰ ਅਹਿਮ ਸ਼ਖਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੀਆਂ। ਇਸ ਮੌਕੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ ਕਿ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ' ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਹਰ ਸਾਲ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਕਰਵਾਏ ਜਾਂਦੇ ਖੇਡ ਮੁਕਾਬਲਿਆਂ ਨੇ ਜਿਥੇ ਵੱਡੀ ਗਿਣਤੀ ਨੌਜਵਾਨਾਂ ਦਾ ਰੁਖ਼ ਖੇਡ ਮੈਦਾਨਾਂ ਵੱਲ ਮੋੜਿਆ ਹੈ ਉਥੇ ਹਰ ਉਮਰ ਦੇ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਲਈ ਮੰਚ ਵੀ ਪ੍ਰਦਾਨ ਕੀਤਾ ਹੈ। ਉਨ੍ਹਾਂ ਸਮੂਹ ਆਗੂਆਂ ਅਤੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਇਨ੍ਹਾਂ ਖੇਡਾਂ ਵਿੱਚ ਵੱਧ ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਕਰਵਾਉਣ ਦਾ ਸੱਦਾ ਦਿੱਤਾ। ਉਨ੍ਹਾਂ ਯੂਥ ਆਗੂਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਖੇਡ ਕਲੱਬਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਇਨ੍ਹਾਂ ਖੇਡਾਂ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਤੋਂ ਇਲਾਵਾ ਸਿੱਖਿਆ ਵਿਭਾਗ ਇਸ ਕੰਮ ਵਿੱਚ ਅਹਿਮ ਯੋਗਦਾਨ ਦੇ ਸਕਦਾ ਹੈ। ਮੀਟਿੰਗ ਉਪਰੰਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਧਾਇਕ ਲਾਲਪੁਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਸ਼ੇਸ਼ ਯਤਨਾ ਸਦਕਾ ਸੂਬੇ ਵਿੱਚ ਖੇਡਾਂ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ ਹੈ ਅਤੇ ਪੰਜਾਬ ਦੇ ਖਿਡਾਰੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸੂਬੇ ਤੇ ਦੇਸ਼ ਨਾਂ ਰੋਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ, ਇਸੇ ਸੋਚ ਤਹਿਤ 'ਖੇਡਾਂ ਵਤਨ ਪੰਜਾਬ ਦੀਆਂ' ਦਾ ਆਗਾਜ਼ ਕੀਤਾ ਗਿਆ ਸੀ ਤਾਂ ਜੋ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਉਨ੍ਹਾਂ ਦੀ ਊਰਜਾ ਨੂੰ ਸਹੀ ਪਾਸੇ ਲਗਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜ਼ਮੀਨੀ ਪੱਧਰ ਤੱਕ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਿੰਡ ਪੱਧਰ 'ਤੇ ਆਧੁਨਿਕ ਖੇਡ ਮੈਦਾਨ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਵਾਲੇ ਪਾਸੇ ਲਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਖਿਡਾਰੀਆਂ ਨੂੰ ਖੇਡਾਂ ਦੀ ਤਿਆਰੀ ਲਈ ਲੱਖਾਂ ਰੁਪਏ ਦਿੱਤੇ ਜਾ ਰਹੇ ਹਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਮ ਰੋਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਕਦ ਇਨਾਮਾਂ ਦੇ ਨਾਲ-ਨਾਲ ਨੌਕਰੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਨਸ਼ਾ ਮੁਕਤ ਅਤੇ ਰੰਗਲਾ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਵੀ ਦਿੱਤਾ।

ਜੰਡਿਆਲਾ ਗੁਰੂ ਸਕੂਲ ਦੇ ਪ੍ਰਿੰਸੀਪਲ ਵਿਦਿਆ ਜੋਤ ਐਵਾਰਡ ਨਾਲ ਸਨਮਾਨਤ



ਜੰਡਿਆਲਾ ਗੁਰੂ 9 ਸਤੰਬਰ (ਰਾਮ ਸ਼ਰਨਜੀਤ ਸਿੰਘ) ਸਿੱਖਿਆ ਦੇ ਖੇਤਰ ਵਿੱਚ ਸਮਰਪਿਤ ਯੋਗਦਾਨ ਦੇਣ ਵਾਲੀਆਂ ਉੱਗੀਆਂ ਸ਼ਖਸ਼ੀਅਤਾਂ ਨੂੰ ਸਨਮਾਨਿਤ ਕਰਨ ਲਈ ਆਲ ਇੰਡੀਆ ਸਕੂਲ ਐਸੋਸੀਏਸ਼ਨ ਵੱਲੋਂ ਅਕਾਲ ਅਕੈਡਮੀ ਮਹਿਤਾ ਚੌਂਕ ਵਿੱਚ ਇੱਕ ਸ਼ਾਨਦਾਰ ਸਮਾਰੋਹ ਰੱਖਿਆ ਗਿਆ। ਇਸ ਸਮਾਗਮ ਵਿੱਚ 265 ਚੇਅਰ ਪਰਸਨ, ਡਾਇਰੈਕਟਰ ,ਪ੍ਰਿੰਸੀਪਲ, ਮੁੱਖ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਤਹਿਤ ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਲਈ ਬੜੇ ਮਾਣ ਵਾਲੀ ਗੱਲ ਰਹੀ ਕਿ ਸਕੂਲ ਦੇ ਪ੍ਰਿੰਸੀਪਲ ਸੰਦੀਪ ਸ਼ਰਮਾ ਨੂੰ ਉਹਨਾਂ ਦੇ ਸਿੱਖਿਆ ਦੇ ਖੇਤਰ ਵਿੱਚ ਬਹੁਮੁੱਲੇ ਯੋਗਦਾਨ, ਸਮਰਪਨ ਅਤੇ ਸ਼ਾਨਦਾਰ ਅਗਵਾਈ ਲਈ ਵਕਾਰੀ ਵਿਦਿਆ ਜੋਤ ਸਨਮਾਨ ਦੇ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਪਹੁੰਚਣ ਤੇ ਪ੍ਰਿੰਸੀਪਲ ਸ੍ਰੀ ਸੰਦੀਪ ਸ਼ਰਮਾ ਜੀ ਦਾ ਸ਼ਾਨਦਾਰ ਅਤੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ.ਮੰਗਲ ਸਿੰਘ ਕਿਸ਼ਨਪੁਰੀ ਅਤੇ ਡਾਇਰੈਕਟਰ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਜੀ ਨੇ ਪ੍ਰਿੰਸੀਪਲ ਸੰਦੀਪ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਪ੍ਰਿੰਸੀਪਲ ਦੇ ਅਹੁਦੇ ਤੇ ਉਨਾਂ ਦੀ ਯੋਗ ਅਗਵਾਈ ,ਸਮਰਪਣ , ਲਗਨ, ਕੰਮ ਕਰਨ ਦੀ ਇੱਛਾ ਅਤੇ ਮਿਹਨਤ ਦੀ ਭਰਪੂਰ ਸ਼ਲਾਗਾ ਕੀਤੀ। ਇਸ ਮੌਕੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨਿਲਾ ਕਸ਼ੀ ਗੁਪਤਾ ਅਤੇ ਸਮੂਹ ਸਟਾਫ ਵੱਲੋਂ ਵੀ ਪ੍ਰਿੰਸੀਪਲ ਸਰ ਜੀ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਤੇ ਪ੍ਰਿੰਸੀਪਲ ਸ੍ਰੀ ਸੰਦੀਪ ਸ਼ਰਮਾ ਨੇ ਆਪਣਾ ਇਹ ਅਵਾਰਡ ਸਕੂਲ ਮੈਨੇਜਮੈਂਟ ਅਤੇ ਸਾਰੇ ਸਟਾਫ ਅਤੇ ਵਿਦਿਆਰਥੀਆਂ ਨੂੰ ਸਮਰਪਿਤ ਕਰਦੇ ਹੋਏ ਆਪਣੇ ਸਟਾਫ ਨਾਲ ਮਿਲ ਕਰਕੇ ਇੱਕ ਟੀਮ ਵਾਂਗ ਵਿਦਿਆਰਥੀਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਦੀ ਗੱਲ ਕਹੀ।

ਪੰਜਾਬ ਦੀ ਅਫ਼ਸਰਸ਼ਾਹੀ ਨੇ ਸੱਤਾਧਾਰੀਆਂ ਅੱਗੇ ਪੂਰੀ ਤਰ੍ਹਾਂ ਗੋਡੇ ਟੇਕੇ : ਸੱਚਰ

ਅੰਮ੍ਰਿਤਸਰ, 9 ਸਤੰਬਰ (ਬਬਲੂ ਮਹਾਜਨ)ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਇੰਚਾਰਜ ਮਜੀਠਾ ਭਗਵੰਤ ਪਾਲ ਸਿੰਘ ਸੱਚਰ ਨੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੀ ਅਫ਼ਸਰਸ਼ਾਹੀ ਨੇ ਸੱਤਾਧਾਰੀਆਂ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ ਹਨ। ਅੱਜ ਹਾਲਾਤ ਇਹ ਹਨ ਕਿ ਥਾਣਿਆਂ ਅੰਦਰ ਵੀ ਕਾਨੂੰਨ ਨਾਲੋਂ ਸਿਆਸੀ ਦਬਦਬਾ ਵੱਡਾ ਦਿਖਾਈ ਦੇ ਰਿਹਾ ਹੈ।ਸੱਚਰ ਨੇ ਕਿਹਾ ਕਿ ਹਲਕਾ ਮਜੀਠਾ ਦੇ ਸੱਤਾਧਾਰੀ ਪਾਰਟੀ ਦੇ ਇੱਕ ਆਗੂ ਵੱਲੋਂ ਅੰਮ੍ਰਿਤਸਰ ਥਾਣੇ ਅੰਦਰ ਇੱਕ ਉੱਚ ਪੁਲਿਸ ਅਧਿਕਾਰੀ ਨਾਲ ਕਥਿਤ ਤੌਰ 'ਤੇ ਬਦਸਲੂਕੀ ਕੀਤੇ ਜਾਣ ਦੀ ਵੀਡੀਓ ਸ਼ਰੇਆਮ ਵਾਇਰਲ ਹੋ ਰਹੀ ਹੈ। ਇਸਦੇ ਬਾਵਜੂਦ ਸਬੰਧਤ ਉੱਚ ਪੁਲਿਸ ਅਧਿਕਾਰੀ ਵੱਲੋਂ ਉਸੇ ਆਗੂ ਦੇ ਹੱਕ ਵਿੱਚ ਵੀਡੀਓ ਜਾਰੀ ਕਰਨਾ ਬੇਹੱਦ ਹੈਰਾਨੀਜਨਕ ਅਤੇ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀਡੀਓ ਲੋਕਾਂ ਦੇ ਸਾਹਮਣੇ ਆ ਚੁੱਕੀ ਹੈ ਤਾਂ ਫਿਰ ਸੱਚਾਈ ਨੂੰ ਸਪੱਸ਼ਟ ਕਰਨ ਦੀ ਬਜਾਏ ਸਿਆਸੀ ਆਗੂ ਦਾ ਬਚਾਅ ਕਿਉਂ ਕੀਤਾ ਜਾ ਰਿਹਾ ਹੈ ? ਕੀ ਪੰਜਾਬ ਪੁਲਿਸ ਹੁਣ ਸਿਆਸੀ ਦਬਾਅ ਹੇਠ ਕੰਮ ਕਰਨ ਲਈ ਮਜਬੂਰ ਹੈ ?ਸੱਚਰ ਨੇ ਕਿਹਾ ਕਿ ਜੇਕਰ ਥਾਣੇ ਅੰਦਰ ਪੁਲਿਸ ਮੁਲਾਜ਼ਮ ਤੇ ਇੱਕ ਉੱਚ ਪੁਲਿਸ ਅਧਿਕਾਰੀ ਨਾਲ ਹੀ ਅਜਿਹਾ ਵਿਵਹਾਰ ਹੋ ਸਕਦਾ ਹੈ ਤਾਂ ਆਮ ਪੰਜਾਬੀ ਦੀ ਕੀ ਹਾਲਤ ਹੋਵੇਗੀ, ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਚੱਲ ਰਿਹਾ ਹੈ ਜਾਂ ਸੱਤਾਧਾਰੀਆਂ ਦਾ ਹੁਕਮ ? ਸਰਕਾਰ ਨੂੰ ਇਸ ਸਵਾਲ ਦਾ ਜਵਾਬ ਪੰਜਾਬ ਦੇ ਲੋਕਾਂ ਨੂੰ ਦੇਣਾ ਪਵੇਗਾ।ਉਨ੍ਹਾਂ ਕਿਹਾ ਕਿ ਕਾਨੂੰਨ ਦੀ ਨਜ਼ਰ ਵਿੱਚ ਹਰ ਵਿਅਕਤੀ ਬਰਾਬਰ ਹੈ ਅਤੇ ਸੱਤਾਧਾਰੀ ਪਾਰਟੀ ਨਾਲ ਸਬੰਧਤ ਹੋਣਾ ਕਿਸੇ ਨੂੰ ਵੀ ਕਾਨੂੰਨ ਤੋਂ ਉੱਪਰ ਹੋਣ ਦਾ ਅਧਿਕਾਰ ਨਹੀਂ ਦਿੰਦਾ। ਜੇਕਰ ਵਾਇਰਲ ਵੀਡੀਓ ਵਿੱਚ ਨਜ਼ਰ ਆ ਰਹੀ ਘਟਨਾ ਸਹੀ ਹੈ ਤਾਂ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖ਼ ?ਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।

ਹਰ ਕਿਸਾਨ ਲਈ ਫਾਰਮਰ ਰਜਿਸਟਰੀ ਬਣਵਾਉਣਾ ਅਤਿ ਜ਼ਰੂਰੀ : ਡਾ. ਤੇਜਬੀਰ ਸਿੰਘ ਭੰਗੂ

ਚੋਹਲਾ ਸਾਹਿਬ , 9 ਸਤੰਬਰ : ਭਗਤ ਸਿੰਘ ਸੰਧੂ :ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਕਿਸਾਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਅਤੇ ਸਹੂਲਤਾਂ ਨਾਲ ਜੋੜਨ ਲਈ ਹਰੇਕ ਕਿਸਾਨ ਦੀ ਫਾਰਮਰ ਰਜਿਸਟਰੀ ਤਿਆਰ ਕੀਤੀ ਜਾ ਰਹੀ ਹੈ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਭੰਗੂ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ. ਜ਼ਰੂਰ ਬਣਵਾਉਣ ਤਾਂ ਜੋ ਭਵਿੱਖ ਵਿੱਚ ਕਿਸਾਨਾ ਨੂੰ ਉਹਨਾ ਦੀ ਇਸ ਯੂਨੀਕ ਫਾਰਮਰ ਆਈ.ਡੀ ਰਾਂਹੀ ਹੀ ਖਾਦਾਂ ਦੀ ਸਪਲਾਈ, ਪੀ.ਐਮ. ਕਿਸਾਨ ਸਨਮਾਨ ਨਿੱਧੀ ਯੋਜਨਾ ਤਹਿਤ ਮਿਲਣ ਵਾਲੀਆਂ ਕਿਸ਼ਤਾਂ, ਖੇਤੀ ਮਸ਼ੀਨਰੀ ਆਦਿ ਸਹੂਲਤਾਂ ਸਬਸਿਡੀ 'ਤੇ ਮਿਲਣਯੋਗ ਹੋਣਗੀਆਂ। ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਅਤੇ ਹੋਰ ਖੇਤੀਬਾੜੀ ਸਬੰਧੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ



ਨਾ ਆਵੇ। ਡਾ. ਤੇਜਬੀਰ ਸਿੰਘ ਭੰਗੂ ਨੇ ਦੱਸਿਆ ਕਿ ਜਿਸ ਕਿਸਾਨ ਦੇ ਨਾਂ 'ਤੇ ਵਾਹੀਯੋਗ ਜ਼ਮੀਨ ਦਰਜ ਹੈ, ਉਸ ਲਈ ਫਾਰਮਰ ਰਜਿਸਟਰੀ ਤਹਿਤ ਆਪਣੀ ਫਾਰਮਰ ਆਈ.ਡੀ ਬਣਵਾਉਣਾ ਜ਼ਰੂਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਫਾਰਮਰ ਆਈ.ਡੀ ਬਣਵਾਉਣ ਲਈ ਜ਼ਮੀਨ ਦੀ ਮਾਤਰਾ ਸਬੰਧੀ ਕੋਈ ਸ਼ਰਤ ਨਹੀਂ ਹੈ। ਭਾਵੇਂ ਕਿਸੇ ਕਿਸਾਨ ਕੋਲ ਘੱਟ ਜ਼ਮੀਨ ਹੈ ਜਾਂ ਵੱਧ, ਉਹ ਆਪਣੀ ਫਾਰਮਰ ਆਈ.ਡੀ ਬਣਵਾ ਸਕਦਾ ਹੈ। ਇਸੇ ਤਰ੍ਹਾਂ ਜੇਕਰ ਕੋਈ ਕਿਸਾਨ ਖੇਤੀਬਾੜੀ ਦੇ ਨਾਲ ਕੋਈ ਕਾਰੋਬਾਰ ਕਰਦਾ ਹੈ ਜਾਂ ਨੌਕਰੀ ਕਰਦਾ ਹੈ, ਤਾਂ ਵੀ ਉਹ ਫਾਰਮਰ ਆਈ.ਡੀ ਬਣਵਾਉਣ ਲਈ ਯੋਗ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੱਲ ਨੂੰ ਵਿਸ਼ੇਸ਼ ਤੌਰ 'ਤੇ ਯਕੀਨੀ ਬਣਾਉਣ ਕਿ ਪਰਿਵਾਰ ਦੇ ਜਿਨ੍ਹਾਂ-ਜਿਨ੍ਹਾਂ ਮੈਂਬਰਾਂ ਦੇ ਨਾਮ 'ਤੇ ਵਾਹੀਯੋਗ ਜ਼ਮੀਨ ਦਰਜ ਹੈ, ਉਨ੍ਹਾਂ ਸਾਰਿਆਂ ਦੀ ਵੱਖ-ਵੱਖ ਫਾਰਮਰ ਆਈ.ਡੀ ਬਣਵਾਈ ਜਾਵੇ। ਉਨ੍ਹਾਂ ਕਿਹਾ ਕਿ ਸਿਰਫ਼ ਪਰਿਵਾਰ ਦੇ ਇਕ ਮੈਂਬਰ ਦੀ ਫਾਰਮਰ ਆਈ.ਡੀ ਬਣਵਾਉਣਾ ਕਾਫ਼ੀ ਨਹੀਂ ਹੋਵੇਗਾ, ਸਗੋਂ ਜਿਸ-ਜਿਸ ਵਿਅਕਤੀ ਦੇ ਨਾਂ 'ਤੇ ਖੇਤੀਯੋਗ ਜ਼ਮੀਨ ਹੈ, ਉਸ ਦੀ ਫਾਰਮਰ ਆਈ.ਡੀ ਬਣਾਉਣੀ ਜ਼ਰੂਰੀ ਹੈ ਤਾਂ ਜੋ ਖੇਤੀ ਨਾਲ ਸਬੰਧਤ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ

ਸਾਬਕਾ ਵਿਧਾਇਕਾਂ ਜਾਂ ਸਾਬਕਾ ਸਾਂਸਦਾਂ ਦੀ ਪੈਨਸ਼ਨ ਅਤੇ ਬਾਕੀ ਸਹੂਲਤਾਂ ਬੰਦ ਕੀਤੀਆਂ ਜਾਣ : ਪਾਲੀ



ਲੁਧਿਆਣਾ, 9 ਸਤੰਬਰ (ਰਵਿੰਦਰ ਸਿੰਘ ਨਿੱਝਰ): ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰ ਰਵਿੰਦਰ ਪਾਲ ਸਿੰਘ ਪਾਲੀ ਨੇ ਆਖਿਆ ਹੈ ਕਿ ਪੰਜਾਬ ਸਮੇਤ ਦੇਸ਼ ਦੇ ਲੱਗਭੱਗ ਸਾਰੇ ਸੂਬਿਆਂ ਦੀਆਂ ਸਰਕਾਰਾਂ ਉੱਪਰ ਕਰਜ਼ੇ ਦੀਆਂ ਪੰਡਾਂ ਦਿਨੋ ਦਿਨ ਭਾਰੀ ਹੋ ਰਹੀਆਂ ਹਨ। ਉਹਨਾਂ ਆਖਿਆ ਕਿ ਅਨੇਕਾਂ ਕਾਰਣਾਂ ਕਰਕੇ ਦੇਸ਼ ਅਤੇ ਸੂਬਿਆਂ ਦੀਆਂ ਸਰਕਾਰਾਂ ਉੱਪਰਲੇ ਕਰਜੇ ਵੱਧ ਰਹੇ ਹਨ। ਇਹਨਾਂ ਕਾਰਣਾਂ ਵਿੱਚੋਂ ਇੱਕ ਹੈ ਸਾਬਕਾ ਵਿਧਾਇਕਾਂ ਤੇ ਸਾਬਕਾ ਸਾਂਸਦਾਂ ਨੂੰ ਕਿਸੇ ਨੂੰ ਹਜ਼ਾਰਾਂ ਅਤੇ ਕਿਸੇ ਨੂੰ ਲੱਖਾਂ ਰੁਪਏ ਹਰ ਮਹੀਨੇ ਪੈਨਸ਼ਨ ਦੇਣਾ, ਉਹਨਾਂ ਨੂੰ ਦਿੱਤੇ ਗੰਨਮੈਨਾਂ ਦੀਆਂ ਤਨਖਾਹਾਂ ਅਤੇ ਹੋਰ ਸਹੂਲਤਾਂ 'ਤੇ ਹਰ ਮਹੀਨੇ ਲੱਖਾਂ ਰੁਪਏ ਖਰਚ ਕਰਨੇ । ਉਹਨਾਂ ਕਿਹਾ ਕਿ ਜੇਕਰ ਪੂਰੇ ਦੇਸ਼ ਦੇ ਸਾਬਕਾ ਸਾਂਸਦਾਂ ਅਤੇ ਸਾਬਕਾ ਵਿਧਾਇਕਾਂ ਨੂੰ ਦਿੱਤੀ ਜਾਂਦੀ ਪੈਨਸ਼ਨ, ਉਹਨਾਂ ਨੂੰ ਦਿੱਤੇ ਗਏ ਗੰਨਮੈਨਾਂ ਦੀਆਂ ਤਨਖਾਹਾਂ ਅਤੇ ਹੋਰ ਸਹੂਲਤਾਂ 'ਤੇ ਖਰਚ ਕੀਤਾ ਜਾਂਦਾ ਪੈਸਾ ਜੋੜ ਲਿਆ ਜਾਵੇ, ਤਾਂ ਹਰ ਮਹੀਨੇ ਕਈ ਕਈ ਅਰਬ ਰੁਪਏ ਦਾ ਖਰਚ ਸਾਹਮਣੇ ਆਵੇਗਾ। ਪਾਲੀ ਨੇ ਆਖਿਆ ਕਿ ਵਿਧਾਇਕ ਜਾਂ ਸਾਂਸਦ ਸਿਰਫ ਪੰਜ ਸਾਲ ਲਈ ਚੁਣੇ ਜਾਂਦੇ ਹਨ, ਉਹਨਾਂ ਨੂੰ ਪੈਨਸ਼ਨ ਦੇਣ ਦੀ ਕੋਈ ਤੁੱਕ ਨਹੀਂ ਹੈ। ਉਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਹ ਆਮ ਲੋਕਾਂ ਦੁਆਰਾ ਟੈਕਸ ਦੇ ਰੂਪ ਵਿੱਚ ਦਿੱਤੇ ਜਾਂਦੇ ਪੈਸੇ ਦੀ ਦੁਰਵਰਤੋਂ ਤੋਂ ਵੱਧ ਹੋਰ ਕੁਝ ਨਹੀਂ ਹੈ। ਉਹਨਾਂ ਕਿਹਾ ਕਿ ਜੇਕਰ ਕਿਸੇ ਸਾਬਕਾ ਵਿਧਾਇਕ ਜਾਂ ਸਾਬਕਾ ਸਾਂਸਦ ਨੂੰ ਕੋਈ ਖਤਰਾ ਮਹਿਸੂਸ ਹੁੰਦਾ ਹੈ ਤਾਂ ਉਸ ਨੂੰ ਆਪਣੀ ਜੇਬ ਵਿੱਚੋਂ ਪੈਸੇ ਖਰਚ ਕੇ ਗੰਨਮੈਨ ਰੱਖਣੇ ਚਾਹੀਦੇ ਹਨ, ਕਿਓਂਕਿ ਲੋਕਾਂ ਦੁਆਰਾ ਟੈਕਸ ਦੇ ਰੂਪ ਵਿੱਚ ਦਿੱਤਾ ਜਾਂਦਾ ਪੈਸਾ ਸਾਬਕਾ ਵਿਧਾਇਕਾਂ ਜਾਂ ਸਾਬਕਾ ਸਾਂਸਦਾਂ ਦੀ ਪੈਨਸ਼ਨ ਜਾਂ ਹੋਰ ਸਹੂਲਤਾਂ ਤੇ ਖਰਚਣਾ ਕਿਸੇ ਵੀ ਕੀਮਤ 'ਤੇ ਸਹੀ ਨਹੀਂ ਆਖਿਆ ਜਾ ਸਕਦਾ। ਉਹਨਾਂ ਆਖਿਆ ਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਰਲ ਕੇ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਹਨਾਂ ਆਖਿਆ ਕਿ ਇਸ ਫੈਸਲੇ ਨਾਲ ਸੂਬਿਆਂ 'ਤੇ ਚੜ੍ਹ ਰਹੇ ਕਰਜੇ ਦੀ ਰਫ਼ਤਾਰ ਕੁਝ ਹੌਲੀ ਜਰੂਰ ਹੋ ਜਾਵੇਗੀ ਅਤੇ ਇਸ ਤੋਂ ਇਲਾਵਾ ਅਜਿਹੇ ਹੀ ਹੋਰ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਸੂਬਿਆਂ ਨੂੰ ਸਿਰਾਂ 'ਤੇ ਕਰਜ਼ੇ ਚੜ੍ਹਨ ਤੋਂ ਰਾਹਤ ਮਿਲ ਸਕਦੀ ਹੈ।

ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਅਤਿ ਨਿੰਦਣਯੋਗ : ਲਵਲੀ



ਲੁਧਿਆਣਾ, 9 ਸਤੰਬਰ (ਰਵਿੰਦਰ ਸਿੰਘ ਨਿੱਝਰ): ਸ਼੍ਰੀ ਗੁਰੂ ਰਵਿਦਾਸ ਸਭਾ ਸਮਾਧ ਮਾਈ ਚੰਦੋ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਲੁਧਿਆਣਾ ਦੇ ਜਲੰਧਰ ਬਾਈਪਾਸ ਚੌਕ ਵਿੱਚ ਸਥਾਪਿਤ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦੇ ਬੁੱਤ ਦੀ ਕਿਸੇ ਸ਼ਰਾਰਤੀ ਅਨਸਰ ਵੱਲੋਂ ਬੇਅਦਬੀ ਦੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇਸ ਘਟਨਾ ਦੇ ਵਿਰੋਧ ਵਿੱਚ ਦਿੱਤੇ ਗਏ ਲੁਧਿਆਣਾ ਬੰਦ ਦੇ ਸੱਦੇ ਦਾ ਵੀ ਸਭਾ ਵੱਲੋਂ ਪੂਰਨ ਸਮਰਥਨ ਕੀਤਾ ਗਿਆ। ਲਵਲੀ ਨੇ ਕਿਹਾ ਕਿ ਲੁਧਿਆਣਾ ਦੇ ਸਭ ਤੋਂ ਵਿਅਸਤ ਚੌਕਾਂ ਵਿੱਚੋਂ ਇੱਕ ਜਲੰਧਰ ਬਾਈਪਾਸ ਚੌਕ ਵਿੱਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਹੋਣਾ ਨਾ ਸਿਰਫ ਨਿੰਦਣਯੋਗ ਹੈ, ਬਲਕਿ ਪੁਲਿਸ-ਪ੍ਰਸ਼ਾਸਨ ਉੱਪਰ ਵੀ ਸਵਾਲ ਖੜ੍ਹੇ ਕਰਦਾ ਹੈ। ਇਸ ਤੋਂ ਪਹਿਲਾਂ, ਵੀ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਜਿਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਚੌਕ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਵਾਲੇ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

ਉਹਨਾਂ ਨੇ ਕਿਹਾ ਕਿ ਮੌਜੂਦਾ ਘਟਨਾ ਤੋਂ ਬਾਅਦ ਬਾਬਾ ਸਾਹਿਬ ਅੰਬੇਡਕਰ ਨੂੰ ਆਪਣਾ ਰਹਿਬਰ ਮੰਨਣ ਵਾਲੇ ਸਮਾਜ ਵਿੱਚ ਭਾਰੀ ਰੋਸ ਹੈ। ਲਵਲੀ ਨੇ ਪ੍ਰਸ਼ਾਸਨ ਤੋਂ ਜਿੱਥੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੇੜੇ ਹਾਈ ਸਿਕਿਓਰਿਟੀ ਸੀਸੀਟੀਵੀ ਕੈਮਰੇ ਲਗਾਉਣ ਦੀ ਮੰਗ ਕੀਤੀ ਗਈ। ਉਸਦੇ ਨਾਲ ਹੀ, ਉਹਨਾਂ ਨੇ ਮੰਦਭਾਗੀ ਘਟਨਾ ਦੇ ਦੋਸ਼ੀਆਂ ਦੀ ਪਹਿਚਾਣ ਲਈ ਆਲੇ ਦੁਆਲੇ ਲੱਗੇ ਕੈਮਰਿਆਂ ਦੀ ਪੜਤਾਲ ਕਰਨ ਅਤੇ ਉੱਥੇ ਲੱਗਣ ਵਾਲੀਆਂ ਦੁਕਾਨਾਂ ਦੇ ਸੰਚਾਲਕਾਂ ਤੋਂ ਵੀ ਪੁੱਛ ਪੜਤਾਲ ਕਰਨ ਦੀ ਮੰਗ ਕੀਤੀ ਹੈ, ਤਾਂ ਜੋ ਦੋਸ਼ੀ ਨੂੰ ਫੜਿਆ ਜਾ ਸਕੇ।

ਸਿੱਖਿਆ ਨਾਲ-ਨਾਲ ਆਪਣੇ ਅਧਿਕਾਰਾਂ ਦੀ ਜਾਣਕਾਰੀ ਵੀ ਜ਼ਰੂਰੀ : ਬਾਵਾ

ਲੁਧਿਆਣਾ, 9 ਸਤੰਬਰ (ਵਿਸ਼ਾਲ ਸ਼ਰਮਾ): ਅੰਤਰਰਾਸ਼ਟਰੀ ਸਾਖਰਤਾ ਦਿਵਸ ਮੌਕੇ ਪੰਜਾਬ ਬਾਲ ਅਧਿਕਾਰ ਕਮਿਸ਼ਨ ਦੀ ਵਾਈਸ ਚੇਅਰਪਰਸਨ ਗੁਨਜੀਤ ਰੁਚੀ ਬਾਵਾ ਨੇ 'ਨੰਨ੍ਹੇ ਕਦਮ' ਪਹਿਲ ਤਹਿਤ ਸਰਕਾਰੀ ਹਾਈ ਸਕੂਲ ਢੰਡਾਰੀ ਕਲਾਂ ਦਾ ਦੌਰਾ ਕੀਤਾ ਅਤੇ ਕਰੀਬ 1200 ਵਿਦਿਆਰਥੀਆਂ ਨਾਲ ਰੂ-ਬ-ਰੂ ਹੋ ਕੇ ਸਿੱਖਿਆ, ਬਾਲ ਅਧਿਕਾਰਾਂ, ਨਿੱਜੀ ਸੁਰੱਖਿਆ ਅਤੇ ਲੋੜ ਪੈਣ 'ਤੇ ਮੱਦਦ ਪ੍ਰਾਪਤ ਕਰਨ ਸਬੰਧੀ ਜਾਗਰੂਕ ਕੀਤਾ। ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਬਾਵਾ ਨੇ ਕਿਹਾ ਕਿ ਸ਼ਾਖਰਤਾ ਸਿਰਫ਼ ਪੜ੍ਹਨ-ਲਿਖਣ ਦੀ ਯੋਗਤਾ ਤੱਕ ਸੀਮਤ ਨਹੀਂ, ਸਗੋਂ ਸਹੀ ਸਿੱਖਿਆ ਬੱਚਿਆਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਕਰਨ ਦੇ ਨਾਲ-ਨਾਲ ਅਸੁਰੱਖਿਅਤ ਹਾਲਾਤ ਦੀ ਪਛਾਣ ਕਰਨ ਅਤੇ ਸ਼ੋਸ਼ਣ, ਤੰਗ-ਪ੍ਰੇਸ਼ਾਨੀ ਜਾਂ ਅਣਦੇਖੀ ਖ਼ਿਲਾਫ਼ ਆਵਾਜ਼ ਉਠਾਉਣ ਦਾ ਹੌਸਲਾ ਵੀ ਦਿੰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਚਾਈਲਡ ਹੈਲਪਲਾਈਨ 1098 ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਵੀ ਅਸੁਰੱਖਿਅਤ ਸਥਿਤੀ ਜਾਂ ਮੱਦਦ ਦੀ ਲੋੜ ਸਮੇਂ ਬੱਚੇ ਇਸ ਹੈਲਪਲਾਈਨ ਰਾਹੀਂ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਬਾਵਾ ਨੇ ਕਿਹਾ ਕਿ ਸਾਖਰਤਾ ਬੱਚੇ ਨੂੰ ਦੁਨੀਆਂ ਨੂੰ ਸਮਝਣ ਦੀ ਸਮਰੱਥਾ ਦਿੰਦੀ ਹੈ, ਜਦਕਿ ਜਾਗਰੂਕਤਾ ਉਸ ਨੂੰ ਜ਼ਿੰਦਗੀ ਵਿੱਚ ਆਤਮਵਿਸ਼ਵਾਸ ਨਾਲ ਅੱਗੇ ਵਧਣ ਦੀ ਤਾਕਤ ਦਿੰਦੀ ਹੈ। ਉਨ੍ਹਾਂ ਕਿਹਾ ਕਿ ਹਰ ਬੱਚੇ ਨੂੰ ਆਪਣੇ ਅਧਿਕਾਰਾਂ ਅਤੇ ਮਦਦ ਪ੍ਰਾਪਤ ਕਰਨ ਦੇ ਸਾਧਨਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਦੌਰਾਨ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਲਈ 'ਆਸ ਅਹਿਸਾਸ' ਐਨਜੀਓ ਵੱਲੋਂ ਰਾਈਟਿੰਗ ਬੋਰਡ ਅਤੇ ਪੈੱਨ ਵੰਡੇ ਗਏ ਅਤੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਸਚਿਨ ਪਾਇਲਟ ਦੇ ਪੰਜਾਬ ਇੰਚਾਰਜ ਬਣਨ 'ਤੇ ਬਾਵਾ ਦੀ ਅਗਵਾਈ ਹੇਠ ਹਲਕਾ ਦੱਖਣੀ ਵਿੱਚ ਲੱਡੂ ਵੰਡੇ



ਲੁਧਿਆਣਾ, 9 ਸਤੰਬਰ (ਰਵਿੰਦਰ ਸਿੰਘ ਨਿੱਝਰ): ਹਲਕਾ ਦੱਖਣੀ ਵਿੱਚ ਰਾਹੁਲ ਗਾਂਧੀ ਦੇ ਕਰੀਬੀ ਅਤੇ ਕੁੱਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਸਚਿਨ ਪਾਇਲਟ ਦੇ ਇੰਚਾਰਜ ਪੰਜਾਬ ਕਾਂਗਰਸ ਬਣਨ 'ਤੇ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਏ.ਆਈ.ਸੀ.ਸੀ (ਇੰਚਾਰਜ ਹਿਮਾਚਲ ਪ੍ਰਦੇਸ਼) ਨੇ ਲੱਡੂ ਵੰਡ ਕੇ ਅਤੇ ਉਹਨਾਂ ਦੇ ਜਨਮਦਿਨ ਦਾ ਕੇਕ ਕੱਟ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਸਮੇਂ ਗੁਰਨਾਮ ਸਿੰਘ ਕਲੇਰ ਜਨਰਲ ਸੈਕਟਰੀ ਪੀ.ਪੀ.ਸੀ.ਸੀ (ਓ.ਬੀ.ਸੀ) ਵਰਿੰਦਰ ਭੱਲਾ ਪ੍ਰਧਾਨ ਜਿਲ੍ਹਾ ਕਾਂਗਰਸ (ਓ.ਬੀ.ਸੀ), ਮਨਜੀਤ ਸਿੰਘ ਝੱਮਟ ਜਨਰਲ ਸੈਕਟਰੀ ਓਵਰਸੀਜ ਕਾਂਗਰਸ ਕੈਨੇਡਾ, ਬਲਜੀਤ ਸਿੰਘ ਮਾਲੜਾ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਮੁੱਖ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਕੀਤੀ ਬੇਅਦਬੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਇਸ ਸਮੇਂ ਬੋਲਦੇ ਸ਼੍ਰੀ ਬਾਵਾ ਨੇ ਕਿਹਾ ਕਿ ਸਚਿਨ ਪਾਇਲਟ ਦਾ ਪੰਜਾਬ ਦਾ ਇੰਚਾਰਜ ਬਣਨਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੁਨਹਿਰੀ ਭਵਿੱਖ ਲਈ ਸ਼ੁਭ ਸ਼ਗਨ ਹੈ। ਉਹਨਾਂ ਕਿਹਾ ਕਿ ਪਾਇਲਟ ਪਰਿਵਾਰ ਦਾ ਪੰਜਾਬ ਨਾਲ ਪੁਰਾਣਾ ਰਿਸ਼ਤਾ ਹੈ। ਪੰਜਾਬ ਦਾ ਹਰ ਸੀਨੀਅਰ ਨੇਤਾ ਪਹਿਲਾਂ ਤੋਂ ਹੀ ਉਹਨਾਂ ਦੇ ਸੰਪਰਕ ਵਿੱਚ ਹੈ। ਬਾਵਾ ਨੇ ਕਿਹਾ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਚੰਡੀਗੜ੍ਹ ਵਿੱਚ 'ਆਪ' ਦੀ ਭਗਵੰਤ ਮਾਨ ਦੀ ਸਰਕਾਰ ਖਿਲਾਫ ਕੀਤਾ ਜ਼ੋਰਦਾਰ ਮੁਜ਼ਾਹਰਾ ਵੀ ਇਤਿਹਾਸਿਕ ਸੀ। ਦੇਖਿਆ ਗਿਆ ਕਿ ਹਰ ਕਾਂਗਰਸੀ ਵਰਕਰ ਦੇ ਚਿਹਰੇ 'ਤੇ ਸਚਿਨ ਪਾਇਲਟ ਦੇ ਇੰਚਾਰਜ ਬਣਨ ਨਾਲ ਕਾਂਗਰਸ ਪਾਰਟੀ ਦੇ ਉਜਵਲ ਭਵਿੱਖ ਦੀ ਆਸ ਦਿਖਾਈ ਦੇ ਰਹੀ ਸੀ। ਅੱਜ ਦੀ ਹਲਕਾ ਦੱਖਣੀ ਦੀ ਕਾਂਗਰਸ ਵਰਕਰਾਂ ਦੀ ਮੀਟਿੰਗ ਵਿੱਚ ਵਰਕਰਾਂ ਦੇ ਚਿਹਰੇ 'ਤੇ ਖੁਸ਼ੀ ਸੀ ਅਤੇ ਚਰਚਾ ਸੀ ਕਿ ਰਾਜੇ ਦੀ ਮਿਹਨਤ ਰੰਗ ਲਿਆਏਗੀ।ਮੀਟਿੰਗ ਵਿੱਚ ਸੁਖਵਿੰਦਰ ਸ਼ਰਮਾ, ਕਰਮਵੀਰ ਸਿੰਘ, ਅਮਰਜੀਤ ਸਿੰਘ, ਪ੍ਰਵੇਸ਼ ਕੁਮਾਰ, ਰਵੀ ਕੁਮਾਰ, ਮੈਡਮ ਮਮਤਾ ਰਾਣੀ ਜਨਰਲ ਸਕੱਤਰ, ਲਲਿਤਾ ਦੇਵੀ, ਸੰਜੇ ਠਾਕੁਰ, ਅਨੂਪ ਸਿੰਘ, ਸੁਰਜੀਤ ਸਿੰਘ ਜੱਜ ਆਦਿ ਹਾਜ਼ਰ ਸੀ।

ਮੰਤਰੀ ਮੁੰਡੀਆਂ ਨੇ ਖੇਡਾਂ ਦੇ ਦੂਜੇ ਪੜਾਅ ਦਾ ਕੀਤਾ ਆਗਾਜ਼



ਲੁਧਿਆਣਾ, 9 ਸਤੰਬਰ ਵਿਸ਼ਾਲ ਸ਼ਰਮਾ): ਖੇਡਾਂ ਵਤਨ ਪੰਜਾਬ ਦੀਆਂ 2026 ਅਧੀਨ ਮਾਨਯੋਗ ਡਾਇਰੈਕਟਰ ਸਪੋਰਟਸ ਪੰਜਾਬ ਜੀ ਦੇ ਆਦੇਸ਼ ਅਤੇ ਜਿਲ੍ਹਾ ਪ੍ਰਸ਼ਾਸ਼ਨ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਲੁਧਿਆਣਾ ਦੇ ਵੱਖ ਵੱਖ 13 ਬਲਾਕਾਂ ਵਿੱਚ ਹੋ ਰਹੀਆਂ ਬਲਾਕ ਪੱਧਰੀ ਖੇਡਾਂ ਦੇ ਦੂਜੇ ਪੜਾਅ ਦੇ 5 ਬਲਾਕ ਕੁੰਮਕਲਾਂ, ਡੇਹਲੋਂ, ਜਗਰਾਓਂ, ਦੋਰਾਹਾ ਅਤੇ ਸਮਰਾਲਾ ਵਿੱਚ ਖੇਡ ਮੁਕਾਬਲੇ ਸ਼ੁਰੂ ਕਰਵਾਏ ਗਏ। ਇਸ ਬਲਾਕ ਦੀਆਂ ਖੇਡਾਂ ਦਾ ਰਸਮੀ ਉਦਘਾਟਨ ਕੈਬਨਿਟ ਮੰਤਰੀ ਹਰਦੀਪ ਮੁੰਡੀਆਂ ਵੱਲੋਂ ਕੀਤਾ ਗਿਆ। ਉਹਨਾਂ ਵੱਲੋਂ ਸਿੱਖਿਆ ਵਿਭਾਗ ਅਤੇ ਪਿੰਡ ਵਾਸੀਆਂ ਦੁਆਰਾ ਟੂਰਨਾਮੈਂਟ ਪ੍ਰਤੀ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਖਿਡਾਰੀਆਂ ਨੂੰ ਮਿਲ ਕੇ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਕੁਲਵਿੰਦਰ ਸਿੰਘ ਵਾਈਸ ਪ੍ਰਧਾਨ ਨਗਰ ਕੌਂਸਲ ਸਾਹਨੇਵਾਲ, ਗੁਰਦੀਪ ਸਿੰਘ ਈਟੀਓ, ਮਨਜਿੰਦਰ ਸਿੰਘ ਮਾਗਟੇ ਪ੍ਰਧਾਨ, ਰਾਜੂ ਭਾਟੀਆ ਪ੍ਰਧਾਨ ਖੇਡ ਵਿੰਗ, ਲਾਲੀ ਪ੍ਰਧਾਨ ਕਿਸਾਨ ਵਿੰਗ ਸਾਹਨੇਵਾਲ, ਬਲਾਕ ਕਨਵੀਨਰ ਗੁਰਪ੍ਰੀਤ ਸਿੰਘ ਹੈਂਡਬਾਲ ਕੋਚ, ਬਲਾਕ ਕੋ ਕਨਵੀਨਰ ਯੁਧਵਿੰਦਰ ਸਿੰਘ ਹਾਕੀ ਹਾਕੀ ਕੋਚ, ਗੁਰਕੋਮਲ ਸਿੰਘ ਗਿੱਲ ਐਥਲੈਟਿਕਸ ਕੋਚ, ਮਨਦੀਪ ਸਿੰਘ ਆਰਚਰੀ ਕੋਚ ਸ਼ਾਮਲ ਸਨ। ਜਗਰਾਓਂ ਬਲਾਕ ਦੀਆਂ ਖੇਡਾਂ ਦਾ ਉਦਘਾਟਨ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੁਆਰਾ ਕੀਤਾ ਗਿਆ ਅਤੇ ਇਹਨਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਦੋਰਾਹਾ ਬਲਾਕ ਵਿੱਚ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਜਗਰੂਪ ਸਿੰਘ ਸੇਹ ਨੇ ਸਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨ ਲਈ ਪ੍ਰੇਰਿਆ। ਸਮਰਾਲਾ ਬਲਾਕ 'ਚ ਪਿੰਡ ਪੰਚਾਇਤ ਮਾਣਕੀ ਦੇ ਸਰਪੰਚ ਬਲਜੀਤ ਕੌਰ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਸਮੂਹ ਪੰਚਾਇਤ ਮੈਂਬਰ ਤੇ ਬਲਾਕ ਸਮੰਤੀ ਮੈਂਬਰ, ਬਲਾਕ ਕਨਵੀਨਰ ਸ਼ੁਭਕਰਨਜੀਤ ਸਿੰਘ ਵੇਟਲਿਫਟਿੰਗ ਕੋਚ, ਬਲਾਕ ਕੋ ਕਨਵੀਨਰ ਸ਼ੁਭਮ ਕੁਮਾਰ ਫੁੱਟਬਾਲ ਕੋਚ ਸ਼ਾਮਲ ਸਨ।

ਸੌਦ ਵੱਲੋਂ 19.38 ਕਰੋੜ ਦੇ ਵਿਕਾਸ ਕੰਮਾਂ ਦੀ ਸ਼ੁਰੂਆਤ

ਲੁਧਿਆਣਾ, 9 ਸਤੰਬਰ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਦ ਨੇ ਬੁੱਧਵਾਰ ਨੂੰ 19.38 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਹੋਣ ਵਾਲੇ 151 ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਕੰਮਾਂ ਦੇ ਵਰਕ ਆਰਡਰ ਜਾਰੀ ਹੋ ਚੁੱਕੇ ਹਨ ਅਤੇ ਕੰਮ ਵੀ ਤੁਰੰਤ ਸ਼ੁਰੂ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਸੌਦ ਨੇ ਇਸ ਨੂੰ ਖੰਨਾ ਸ਼ਹਿਰ ਦੇ ਵਿਕਾਸ ਲਈ ਅਹਿਮ ਦਿਨ ਕਰਾਰ ਦਿੰਦਿਆਂ ਕਿਹਾ ਕਿ ਇੱਕੋ ਸਮੇਂ 151 ਵਿਕਾਸ ਕਾਰਜ ਸ਼ੁਰੂ ਹੋਣ ਨਾਲ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੀ ਨਵੀਂ ਕਮੇਟੀ ਬਣਨ ਤੋਂ ਮਹਿਜ਼ ਦੋ ਮਹੀਨਿਆਂ ਅੰਦਰ ਸ਼ਹਿਰ ਦੀ ਸਾਫ਼-ਸਫ਼ਾਈ ਦੇ ਨਾਲ ਵਿਕਾਸ ਕਾਰਜਾਂ ਦੀ ਰਫ਼ਤਾਰ ਵੀ ਤੇਜ਼ ਕੀਤੀ ਗਈ ਹੈ। ਸੌਦ ਨੇ ਦੱਸਿਆ ਕਿ ਇਨ੍ਹਾਂ 19.38 ਕਰੋੜ ਰੁਪਏ ਦੇ ਕੰਮਾਂ ਤੋਂ ਇਲਾਵਾ ਖੰਨਾ ਸ਼ਹਿਰ ਲਈ ਕਰੀਬ 20 ਕਰੋੜ ਰੁਪਏ ਦੇ ਹੋਰ ਵਿਕਾਸ ਕਾਰਜਾਂ ਦੀ ਸੂਚੀ ਵੀ ਤਿਆਰ ਕੀਤੀ ਜਾ ਰਹੀ ਹੈ। ਉਨ

ਰਹਿਬਰ ਇੰਸਟੀਚਿਊਟ 'ਚ ਪੋਸ਼ਣ ਤੇ ਨੇਤਰ ਦਾਨ ਜਾਗਰੂਕਤਾ ਹਫ਼ਤਾ ਮਨਾਇਆ

ਭਵਾਨੀਗੜ੍ਹ, 9 ਸਤੰਬਰ (ਅਮਨਦੀਪ ਸਿੰਘ ਮਾਝਾ) : ਰਹਿਬਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਭਵਾਨੀਗੜ੍ਹ ਵਿਖੇ ਵਿਦਿਆਰਥੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੋਸਣ ਹਫ਼ਤਾ ਅਤੇ ਨੇਤਰ ਦਾਨ ਜਾਗਰੂਕਤਾ ਹਫ਼ਤਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪੋਸ਼ਣ ਹਫ਼ਤੇ ਦੌਰਾਨ ਵਿਦਿਆਰਥੀਆਂ ਨੂੰ ਸੰਤੁਲਿਤ ਅਤੇ ਪੌਸ਼ਟਿਕ ਆਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਪਨਾਉਣ, ਪੋਸਣ ਦੀ ਕਮੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਅਤੇ ਚੰਗੀ ਸਿਹਤ ਬਣਾਈ ਰੱਖਣ ਵਿੱਚ ਪੌਸ਼ਟਿਕ ਭੋਜਨ ਦੀ ਭੂਮਿਕਾ ਬਾਰੇ ਜਾਗਰੂਕ ਕੀਤਾ ਗਿਆ। ਇਸੇ ਮੌਕੇ ਨੇਤਰ ਦਾਨ ਜਾਗਰੂਕਤਾ ਹਫ਼ਤੇ ਤਹਿਤ ਵਿਦਿਆਰਥੀਆਂ ਨੂੰ ਨੇਤਰ ਦਾਨ ਦੀ ਮਹੱਤਤਾ ਅਤੇ ਇਸ ਮਹਾਨ ਸਮਾਜ ਸੇਵਾ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਨੇਤਰ ਦਾਨ ਕਿਸੇ ਨੇਤਰਹੀਣ ਵਿਅਕਤੀ ਦੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਉਣ ਦਾ ਇੱਕ ਮਹਾਨ ਅਤੇ ਮਨੁੱਖਤਾ ਭਰਿਆ ਕਾਰਜ ਹੈ। ਉਨ੍ਹਾਂ ਨੂੰ ਨੇਤਰ ਦਾਨ ਨਾਲ ਸੰਬੰਧਿਤ ਗ਼ਲਤ ਧਾਰਨਾਵਾਂ ਨੂੰ ਦੂਰ ਕਰਨ ਅਤੇ ਸਮਾਜ ਵਿੱਚ ਇਸ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਮੈਨੇਜਮੈਂਟ ਅਤੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਨਾ ਸਿਰਫ਼ ਇੱਕ ਵਧੀਆ ਸਿਹਤ ਕਰਮਚਾਰੀ ਬਣਾਉਂਦੇ ਹਨ, ਸਗੋਂ ਸਮਾਜ ਪ ਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਲਈ ਵੀ ਪ੍ਰੇਰਿਤ ਕਰਦੇ ਹਨ।

'ਖੇਡਾਂ ਵਤਨ ਪੰਜਾਬ ਦੀਆਂ 'ਚ 14 ਸਾਲ ਤੋਂ ਛੋਟਾ ਅਤੇ 70 ਸਾਲ ਤੋਂ ਵੱਧ ਉਮਰ ਦਾ ਵੀ ਪੰਜਾਬੀ ਭਾਗ ਲੈ ਸਕਦਾ ਹੈ : ਡੀ.ਸੀ.

ਬੱਚੇ, ਨੌਜਵਾਨ, ਬਜ਼ੁਰਗ, ਮਾਤਾਵਾਂ, ਭੈਣਾਂ ਤੇ ਹਰ ਇਕ ਵਿਅਕਤੀ ਲੈ ਸਕਦਾ ਹੈ ਭਾਗ



ਬਠਿੰਡਾ, 9 ਸਤੰਬਰ (ਜਗਸੀਰ ਭੁੱਲਰ) : 'ਖੇਡਾਂ ਵਤਨ ਪੰਜਾਬ ਦੀਆਂ-2026 ਦੇ ਚੌਥੇ ਸੀਜ਼ਨ ਦੀ ਸ਼ੁਰੂਆਤ ਹੋ ਚੁੱਕੀ ਹੈ, ਜਿਸ ਵਿਚ ਹਰ ਇਕ ਪੰਜਾਬ ਵਾਸੀ ਖਿਡਾਰੀ ਵਜੋਂ ਭਾਗ ਲੈ ਸਕਦਾ ਹੈ। 14 ਸਾਲ ਦੀ ਉਮਰ ਤੋਂ ਘੱਟ ਅਤੇ 70 ਸਾਲ ਦੀ ਉਮਰ ਤੋਂ ਵੱਧ ਬਜ਼ੁਰਗਾਂ ਬੱਚੇ, ਨੌਜਵਾਨ, ਬਜ਼ੁਰਗ, ਮਾਤਾਵਾਂ, ਧੀਆਂ, ਭੈਣਾਂ ਅਤੇ ਵੀਰ ਇਸ ਖੇਡ ਮੇਲੇ ਦਾ ਭਾਗ ਬਣ ਸਕਦੇ ਹਨ। ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਅੱਜ ਇਹ ਜਾਣਕਾਰੀ ਖੇਡਾਂ ਵਤਨ ਪੰਜਾਬ ਦੀਆਂ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਬੈਠਕ ਵਿੱਚ ਵਿਧਾਇਕ ਬਠਿੰਡਾ (ਸ਼ਹਿਰੀ) ਸ਼$ਰੀ ਜਗਰੂਪ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਚੇਅਰਮੈਨ ਨਗਰ ਸੁਧਾਰ ਟਰਸਟ ਸ਼$ਰੀ ਜਤਿੰਦਰ ਭੱਲਾ, ਹਲਕਾ ਇੰਚਾਰਜ ਬਠਿੰਡਾ (ਦਿਹਾਤੀ) ਸ਼$ਰੀ ਗੋਪਾਲ ਸਿੰਘ ਕੋਟਫੱਤਾ, ਉਪ ਮੰਡਲ ਮੈਜਿਸਟ$ਰੇਟ ਰਾਮਪੁਰਾ ਸ੍ਰੀ ਬਲਕਰਨ ਸਿੰਘ ਮਾਹਲ, ਸਹਾਇਕ ਕਮਿਸ਼ਨਰ (ਜ)ਸ੍ਰੀ ਗੁਰਜਿੰਦਰ ਸਿੰਘ, ਜ਼ਿਲ੍ਹਾ ਖੇਡ ਅਫਸਰ ਸ਼$ਰੀ ਰੁਪਿੰਦਰ ਸਿੰਘ ਬਰਾੜ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ, ਵਿੱਦਿਅਕ ਸੰਸਥਾਵਾਂ ਦੇ ਨੁਮਾਇੰਦੇ ਅਤੇ ਹੋਰ ਲੋਕ ਹਾਜ਼ਰ ਸਨ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੈ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਚ ਭਾਗ ਲੈਣਾ ਬਹੁਤ ਹੀ ਆਸਾਨ ਹੈ । ਇਸ ਵਿਚ ਭਾਗ ਲੈਣ ਲੈ ਉੱਤੇ ਜਾ ਕੇ ਵੇਰਵੇ ਭਰੇ ਜਾ ਸਕਦੇ ਹਨ, ਜਿਸ ਵਿਚ ਖਿਡਾਰੀ ਦਾ ਨਾਮ, ਆਧਾਰ ਕਾਰਡ ਨੰਬਰ, ਭਾਗ ਲੈਣ ਵਾਲੀ ਖੇਡ ਬਾਰੇ ਜਾਣਕਾਰੀ ਆਦਿ ਭਰੀ ਜਾਣੀ ਹੈ।ਉਨ੍ਹਾਂ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਖੇਡਾਂ ਦੀ ਸ਼ੁਰੂਆਤ ਬਠਿੰਡਾ ਵਿਖੇ 5 ਸਤੰਬਰ ਨੂੰ ਕੀਤੀ ਗਈ ਸੀ ਅਤੇ 29 ਨਵੰਬਰ ਨੂੰ ਇਸ ਦਾ ਸਮਾਪਤੀ ਸਮਾਰੋਹ ਪਟਿਆਲਾ ਵਿਖੇ ਹੋਵੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਦਾ ਪਹਿਲਾ ਸੀਜ਼ਨ ਮਾਨ ਸਰਕਾਰ ਨੇ 2022 ਵਿੱਚ ਕਰਵਾਇਆ ਸੀ। ਇਹਨਾਂ ਖੇਡਾਂ ਵਿੱਚ ਪੰਜ ਲੱਖ ਤੱਕ ਹਿੱਸੇਦਾਰੀ ਰਹੀ ਹੈ। ਇਸ ਵਾਰ 10 ਲੱਖ ਤੱਕ ਦਾ ਟੀਚਾ ਹੈ। ਇਹਨਾਂ ਖੇਡਾਂ ਵਿੱਚ 9 ਉਮਰ ਵਰਗ ਵਿੱਚ 38 ਖੇਡਾਂ ਤੇ 1 ਪ੍ਰਦਰਸ਼ਨੀ ਖੇਡ (ਟੈਨਿਸ ਬਾਲ ਕ੍ਰਿਕਟ) ਅਤੇ 4 ਪੈਰਾ ਸਪੋਰਟਸ ਖੇਡਾਂ ਦੇ ਮੁਕਾਬਲੇ ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ ਉੱਤੇ ਕਰਵਾਏ ਜਾ ਰਹੇ ਹਨ। ਮੁੰਡਿਆਂ ਅਤੇ ਕੁੜੀਆਂ ਦੇ ਮੁਕਾਬਲੇ ਹੋਣਗੇ। ਜੇਤੂਆਂ ਨੂੰ 12 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਅਤੇ ਗ੍ਰੇਡੇਸ਼ਨ ਸਰਟੀਫਿਕੇਟ ਦਿੱਤੇ ਜਾਣਗੇ। ਉਮਰ ਵਰਗਾਂ ਵਿੱਚ ਅੰਡਰ-14, ਅੰਡਰ-17, ਅੰਡਰ-21, 21-30, 31-40, 41-50, 51-60, 61-70 ਅਤੇ 70 ਸਾਲ ਤੋਂ ਉੱਪਰ ਸ਼ਾਮਲ ਹਨ। ਬਲਾਕ ਪੱਧਰ ਉੱਤੇ 7 ਖੇਡਾਂ ਦੇ ਮੁਕਾਬਲੇ ਸ਼ੁਰੂ ਹੋ ਰਹੇ ਹਨ, ਜੋ 18 ਸਤੰਬਰ ਤੱਕ ਚੱਲਣਗੇ। ਇਹ ਸੱਤ ਖੇਡਾਂ ਅਥਲੈਟਿਕਸ, ਖੋ-ਖੋ, ਕਬੱਡੀ (ਨੈਸ਼ਨਲ ਸਟਾਈਲ), ਕਬੱਡੀ (ਸਰਕਲ ਸਟਾਈਲ), ਫੁੱਟਬਾਲ, ਵਾਲੀਬਾਲ (ਸਮੈਸ਼ਿੰਗ) ਅਤੇ ਵਾਲੀਬਾਲ (ਸ਼ੂਟਿੰਗ) ਹਨ।ਉਨ੍ਹਾਂ ਦੱਸਿਆ ਕਿ 20 ਸਤੰਬਰ ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਹੋਣਗੇ। ਜ਼ਿਲਾ ਪੱਧਰੀ ਖੇਡਾਂ ਵਿੱਚ ਬਲਾਕ ਪੱਧਰ ਦੀਆ 7 ਖੇਡਾਂ ਦੇ ਜੇਤੂਆਂ ਤੋਂ ਇਲਾਵਾ 21 ਹੋਰ ਖੇਡਾਂ ਸਿੱਧੀਆਂ ਜ਼ਿਲ੍ਹਾ ਪੱਧਰ ਉਤੇ ਨਵੀਆਂ ਸ਼ਾਮਿਲ ਹੋਣਗੀਆਂ। ਜ਼ਿਲ੍ਹਾ ਪੱਧਰ ਉੱਤੇ ਕੁੱਲ 28 ਖੇਡਾਂ ਦੇ ਮੁਕਾਬਲੇ ਹੋਣਗੇ। ਨਵੀਆਂ 21 ਖੇਡਾਂ ਵਿੱਚ ਹੈਡਬਾਲ, ਸਾਫਟਬਾਲ, ਜੂਡੋ, ਗੱਤਕਾ, ਕਿੱਕ ਬਾਕਸਿੰਗ, ਹਾਕੀ, ਨੈਟਬਾਲ, ਬੈਡਮਿੰਟਨ, ਬਾਸਕਟਬਾਲ, ਪਾਵਰਲਿਫਟਿੰਗ, ਲਾਅਨ ਟੈਨਿਸ, ਰੈਸਲਿੰਗ, ਸਵੀਮਿੰਗ, ਬਾਕਸਿੰਗ, ਟੇਬਲ ਟੈਨਿਸ, ਵੇਟਲਿਫਟਿੰਗ, ਚੈੱਸ, ਸ਼ੂਟਿੰਗ, ਫੈਨਸਿੰਗ, ਰੋਲਰ ਸਕੇਟਿੰਗ ਅਤੇ ਆਰਚਰੀ ਸ਼ਾਮਲ ਹਨ।10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰ ਦੇ ਮੁਕਾਬਲੇ ਹੋਣਗੇ। ਸੂਬਾ ਪੱਧਰ ਉੱਤੇ ਜ਼ਿਲ੍ਹਾ ਪੱਧਰ ਦੀਆਂ 28 ਖੇਡਾਂ ਦੇ ਜੇਤੂਆਂ ਤੋਂ ਇਲਾਵਾ 10 ਹੋਰ ਖੇਡਾਂ ਸਿੱਧੀਆਂ ਸੂਬਾ ਪੱਧਰ ਉੱਤੇ ਨਵੀਆਂ ਸ਼ਾਮਲ ਹੋਣਗੀਆਂ।

ਐੱਸ.ਆਈ.ਆਰ. ਸਬੰਧੀ ਰੋਲ ਅਬਜ਼ਰਵਰ ਨੇ ਕੀਤੀ ਸਿਆਸੀ ਪਾਰਟੀਆਂ ਨਾਲ ਬੈਠਕ



ਬਠਿੰਡਾ, 9 ਸਤੰਬਰ : (ਜਗਸੀਰ ਭੁੱਲਰ) :ਵਿਸ਼ੇਸ ਗਹਿਰੀ ਸੁਧਾਈ (ਐੱਸ ਆਈ ਆਰ) ਸਬੰਧੀ ਜ਼ਿਲ੍ਹਾ ਬਠਿੰਡਾ 'ਚ ਕੀਤਾ ਗਏ ਕੰਮ ਦੀ ਸਮੀਖਿਆ ਸਬੰਧੀ ਰੋਲ ਅਬਜ਼ਰਵਰ ਘਣਸ਼ਿਆਮ ਥੋਰੀ ਨੇ ਅੱਜ ਬਠਿੰਡਾ ਵਿਖੇ ਸਿਆਸੀ ਪਾਰਟੀਆਂ ਨਾਲ ਬੈਠਕ ਕੀਤੀ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ 'ਚ ਕਰੀਬ 48900 ਵੋਟਰ ਸਨ, ਜਿਨ੍ਹਾਂ ਦੀ ਮੈਪਿੰਗ 2003 ਦੀਆਂ ਵੋਟਰ ਲਿਸਟਾਂ ਨਾਲ ਨਹੀਂ ਸੀ ਹੋਈ। ਇਨ੍ਹਾਂ ਵੋਟਰਾਂ ਨੂੰ ਮੈਪ ਕਰਨ ਲਈ ਵਿਸ਼ੇਸ਼ ਐੱਸ.ਆਈ.ਆਰ. ਕੈਂਪ ਬੂਥ ਲੈਵਲ ਅਫਸਰਾਂ ਵਲੋਂ ਲਗਾਏ ਅਤੇ ਇਸ ਵਿਚ ਸਿਆਸੀ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ ਦਾ ਵੀ ਸਹਿਯੋਗ ਰਿਹਾ। ਇਸ ਵੇਲੇ ਕੇਵਲ 2280 ਦੇ ਕਰੀਬ ਵੋਟਰ ਰਹਿੰਦੇ ਹਨ ਜਿਨ੍ਹਾਂ ਦੀ ਮੈਪਿੰਗ 2003 ਦੀਆਂ ਲਿਸਟਾਂ ਅਨੁਸਾਰ ਨਹੀਂ ਹੋ ਸਕੀ ਰੋਲ ਅਬਜ਼ਰਵਰ ਘਣਸ਼ਿਆਮ ਥੋਰੀ ਨੇ ਇਸ ਸਬੰਧੀ ਜ਼ਿਲ੍ਹਾ ਬਠਿੰਡਾ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਰਾ ਕੰਮ ਸੁਚੱਜੇ ਤਰੀਕੇ ਨਾਲ ਨੇਪਰੇ ਚਾੜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਆਸੀ ਪਾਰਟੀਆਂ ਦੋਵੇਂ ਹੀ ਵਧਾਈ ਦੇ ਪਾਤਰ ਹਨ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਇਸ ਵੇਲੇ ਵੋਟਰ ਲਿਸਟਾਂ ਸਬੰਧੀ ਇਤਰਾਜ਼ ਅਤੇ ਦਾਅਵੇ ਭਰੇ ਜਾ ਰਹੇ ਹਨ। ਇਸ ਕੰਮ ਨੂੰ ਤਨਦੇਹੀ ਨਾਲ ਕੀਤਾ ਜਾਵੇ ਤਾਂ ਜੋ ਵੋਟਰਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ, ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਕਮਿਸ਼ਨਰ ਨਗਰ ਨਿਗਮ ਮੈਡਮ ਲਵਜੀਤ ਕਲਸੀ, ਉੱਪ ਮੰਡਲ ਮੈਜਿਸਟ੍ਰੇਟ ਮੌਡ ਸ੍ਰੀ ਗੁਰਜਿੰਦਰ ਸਿੰਘ, ਉਪ ਮੰਡਲ ਮੈਜਿਸਟਰੇਟ ਬਠਿੰਡਾ ਅਮਨਦੀਪ ਸਿੰਘ ਮਾਵੀ, ਉਪ ਮੰਡਲ ਮੈਜਿਸਟਰੇਟ ਰਾਮਪੁਰਾ ਫੂਲ ਸ. ਬਲਕਰਨ ਸਿੰਘ ਮਾਹਲ,ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

ਅਮਨ ਅਰੋੜਾ ਨੇ ਦੁਬਈ ਵਿੱਚ ਕੀਤਾ ਪੰਜਾਬ ਦਾ ਨਾਮ ਰੋਸ਼ਨ



ਸੁਨਾਮ ਊਧਮ ਸਿੰਘ ਵਾਲਾ, 9 ਸਤੰਬਰ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਦੁਬਈ ਫੇਰੀ ਦੌਰਾਨ ਕੀਤੀ ਗਈ ਪੰਜਾਬ ਅਤੇ ਦੁਬਈ ਵਿਚਕਾਰ ਵਪਾਰਕ ਗੱਲਬਾਤ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ ਅਤੇ ਨਗਰ ਕੌਂਸਲ ਦੇ ਪ੍ਰਧਾਨ ਮਨਪ੍ਰੀਤ ਬਾਂਸਲ ਨੇ ਕਿਹਾ ਕਿ ਦੁਬਈ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਰਾਸ ਅਲ ਖੈਮਾਹ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਚੇਅਰਮੈਨ ਮੁਹੰਮਦ ਮੋਸਬੇਹ ਅਲ ਨੁਇਮੀ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ-ਯੂਏਈ ਆਰਥਿਕ ਭਾਈਵਾਲੀ ਅਤੇ ਵਪਾਰ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਿਵੇਸ਼, ਉਦਯੋਗ, ਰੁਜ਼ਗਾਰ ਅਤੇ ਵਪਾਰ ਦਾ ਨਵਾਂ ਕੇਂਦਰ ਬਣਾਉਣ ਲਈ ਨਿਰੰਤਰ ਯਤਨ ਜਾਰੀ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਅਤੇ ਯੂਏਈ ਵਿਚਕਾਰ ਸਾਂਝੇਦਾਰੀ ਪੰਜਾਬ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗੀ। ਪੰਜਾਬ ਅਤੇ ਦੁਬਈ ਵਿਚਕਾਰ ਵਧਿਆ ਵਪਾਰ ਪੰਜਾਬ ਵਿੱਚ ਕਾਰੋਬਾਰ ਨੂੰ ਹੋਰ ਵਧਾਏਗਾ, ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਦਾਨ ਕਰੇਗਾ ਅਤੇ ਪੰਜਾਬ ਨੂੰ ਤਰੱਕੀ ਵੱਲ ਵਧਾਏਗਾ।

ਫਰੀਦਕੋਟ ਵਿਖੇ ਕੀਤਾ ਜਾਣ ਵਾਲਾ ਜਸਟਿਸ ਪੰਕਜ ਜੈਨ ਵੱਲੋਂ 'ਮਦਰਜ਼ ਟੱਚ' ਕਰੈਚ, ਵੱਡਾ ਇਕੱਠ ਕੀਤਾ ਗਿਆ ਮੁਲਤਵੀ ਬਾਰ ਰੂਮ ਅਤੇ ਦੁਕਾਨਾਂ ਦਾ ਕੀਤਾ ਗਿਆ ਉਦਘਾਟਨ

ਫਰੀਦਕੋਟ 9 ਸਤੰਬਰ (ਅਵਤਾਰ ਸਿੰਘ ਮੱਲਾ): ਐਸਕੇਐਮ ਗੈਰ ਰਾਜਨੀਤਿਕ ਦੇ ਕੌਮੀ ਕਨਵੀਨਰ/ ਪ੍ਰਧਾਨ ਬੀਕੇਯੂ ਏਕਤਾ ਸਿੱਧੂਪੁਰ ਜਗਜੀਤ ਸਿੰਘ ਡੱਲੇਵਾਲ, ਸੂਬਾ ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਸਿੱਧੂਪੁਰ,ਕਾਕਾ ਸਿੰਘ ਕੋਟੜਾ ਜਰਨਲ ਸਕੱਤਰ ਬੀਕੇਯੂ ਏਕਤਾਂ ਸਿੱਧੂਪੁਰ ਦੀ ਅਗਵਾਈ ਵਿੱਚ ਅੱਜ ਪੰਜਾਬ ਭਰ ਵਿੱਚੋਂ ਵੱਡੇ ਕਾਫਲਿਆਂ ਦੇ ਨਾਲ ਬੇਇਨਸਾਫੀ ਵਿਰੁੱਧ ਲੜਨ ਵਾਲੇ ਹਜ਼ਾਰਾਂ ਲੋਕਾਂ ਵੱਲੋਂ ਫਰੀਦਕੋਟ ਵਿਖੇ ਅੱਜ ਕੀਤੇ ਜਾਣ ਵਾਲੇ ਇਕੱਠ ਵਿੱਚ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਗੱਲਬਾਤ ਕਰਦਿਆਂ ਹੋਇਆਂ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਹੱਕਾਂ ਲਈ ਲੜ ਰਹੇ ਹਰ ਇੱਕ ਵਰਗ ਨੂੰ ਡੰਡੇ ਦੇ ਜ਼ੋਰ ਉੱਪਰ ਕੁਚਲਣਾ ਚਾਹੁੰਦੀ ਹੈ ਪ੍ਰੰਤੂ ਪੰਜਾਬ ਸਰਕਾਰ ਪੰਜਾਬ ਦੇ ਇਤਿਹਾਸ ਨੂੰ ਸ਼ਾਇਦ ਭੁੱਲ ਰਹੀ ਹੈ ਕਿ ਜਿੰਨਾ ਤੁਸੀਂ ਪੰਜਾਬ ਦੇ ਬਾਸ਼ਿੰਦਿਆਂ ਨੂੰ ਦੱਬਣ ਦੀ ਕੋਸ਼ਿਸ਼ ਕਰੋਗੇ ਇਹ ਓਨਾ ਹੀ ਤਕੜੇ ਹੋ ਕੇ ਮੈਦਾਨ ਵਿੱਚ ਨਿਤਰਦੇ ਹਨ, ਜਿਸ ਦਾ ਸਬੂਤ ਅੱਜ ਪੰਜਾਬ ਦੇ ਗੈਰਤਮੰਦ ਲੋਕਾਂ ਨੇ ਪੰਜਾਬ ਸਰਕਾਰ ਨੂੰ ਦੇ ਦਿੱਤਾ ਕਿਉਂਕਿ ਤੜਕੇ 4 ਵਜੇ ਤੋਂ ਹੀ ਸਰਕਾਰ ਵੱਲੋਂ ਪੁਲਸ ਫੋਰਸ ਭੇਜ ਕੇ ਕਿਸਾਨ ਆਗੂਆਂ ਨੂੰ ਘਰਾਂ ਵਿੱਚ ਅਤੇ ਫਰੀਦਕੋਟ ਮੋਰਚੇ ਨੂੰ ਆ ਰਹੇ ਹਜ਼ਾਰਾਂ ਲੋਕਾਂ ਨੂੰ ਰਸਤੇ ਵਿੱਚ ਡੱਕਣ ਦੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਉਹਨਾਂ ਸਾਰੀਆਂ ਰੋਕਾਂ ਨੂੰ ਤੋੜਦੇ ਹੋਏ ਸੈਂਕੜਾਂ ਲੋਕਾਂ ਵੱਲੋਂ ਪਹਿਲਾਂ ਪਿੰਡ ਡੱਲੇਵਾਲ ਵਿਖੇ ਪਹੁੰਚ ਕੇ ਘਰ ਵਿੱਚ ਹਾਊਸ ਅਰੈਸਟ ਕੀਤੇ ਜਗਜੀਤ ਸਿੰਘ ਡੱਲੇਵਾਲ ਨੂੰ ਨਾਲ ਲੈ ਕੇ ਫਰੀਦਕੋਟ ਨੂੰ ਪ੍ਰਸ਼ਾਸਨ ਦੀਆਂ ਰੋਕਾਂ ਨੂੰ ਤੋੜਦੇ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਵੱਡੇ ਕਾਫਲੇ ਵੱਲੋਂ ਫਰੀਦਕੋਟ ਨੂੰ ਚਾਲੇ ਪਾਏ ਗਏ। ਕਿਸਾਨ ਆਗੂਆ ਅੱਗੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਇਹ ਸੰਘਰਸ਼ੀ ਲੋਕਾਂ ਦੇ ਏਕੇ ਤੇ ਸਿਦਕ ਦੀ ਹੀ ਜਿੱਤ ਹੈ ਕਿ ਪ੍ਰਸ਼ਾਸਨ ਨੂੰ ਸੜਕ ਉੱਪਰ ਹੀ ਅੰਦੋਲਨਕਾਰੀ ਕਿਸਾਨਾਂ ਦੇ ਨਾਲ ਗੱਲਬਾਤ ਕਰਨ ਲਈ ਆਉਣਾ ਪਿਆ ਜਿਸ ਉਪਰੰਤ ਬਾਬਾ ਫਰੀਦ ਜੀ ਦੇ 21 ਤੋਂ 23 ਸਤੰਬਰ ਤੱਕ ਫਰੀਦਕੋਟ ਵ

‘ਪਾਣੀ ਕੁਦਰਤ ਦੀ ਅਨਮੋਲ ਦਾਤ ਅਤੇ ਜੀਵਨ ਦਾ ਮੂਲ ਆਧਾਰ’ ਵਿਸ਼ੇ ’ਤੇ ਵਿਚਾਰ ਗੋਸ਼ਟੀ



ਬਰਨਾਲਾ, 9 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਹਿਮਾਂਸ਼ੂ ਦਾਨੀਆ ਯਾਦਗਾਰੀ ਸਿਲਾਈ ਸੈਂਟਰ ਬਰਨਾਲਾ ਵਿਖੇ ਪਾਣੀ ਕੁਦਰਤ ਦੀ ਅਨਮੋਲ ਦਾਤ ਵਿਸ਼ੇ ’ਤੇ ਗੋਸ਼ਟੀ ਕਰਵਾਈ ਗਈ । ਹਰ ਸਾਲ ਵਿਸ਼ਵ ਜਲ ਬੱਚਤ ਦਿਵਸ ਵੀ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਪਾਣੀ ਦੀ ਬੱਚਤ ਸੰਜ਼ਮ ਨਾਲ ਕਰਨਾ ਅਤੇ ਪਾਣੀ ਨੂੰ ਪ੍ਰਦੂਸ਼ਨ ਮੁਕਤ ਕਰਨ ਲਈ ਲੋਕਾਂ ’ਚ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮੌਕੇ ਬੋਲਦਿਆਂ ਸਮਾਜ ਸੇਵੀ ਅਤੇ ਕੌਲੋਨਾਈਜਰ ਪਿਆਰਾ ਲਾਲ ਰਾਏਸਰ ਵਾਲੇ ਨੇ ਕਿਹਾ ਕਿ ਪਾਣੀ ਨੂੰ ਸਾਰੇ ਧਰਮਾਂ ’ਚ ਅਹਿਮ ਸਥਾਨ ਦਿੱਤਾ ਗਿਆ ਹੈ। ਸਿੱਖ ਧਰਮ ’ਚ ਪਾਣੀ ਨੂੰ ਪਿਤਾ ਦਾ ਦਰਜਾ, ਸਨਾਤਨ ਧਰਮ ’ਚ ਪਾਣੀ ਨੂੰ ਜਲ ਦੇਵਤਾ ਅਤੇ ਮੁਸਲਿਮ ਧਰਮ ’ਚ ਇਸ ਨੂੰ ਖਵਾਜਾ ਕਹਿ ਕੇ ਪੂਜਿਆ ਜਾਂਦਾ ਹੈ। ਧਰਤੀ ਦੇ ਕੁੱਲ ਖੇਤਰਫ਼ਲ ਦਾ 71 ਫ਼ੀਸਦੀ ਹਿੱਸਾ ਪਾਣੀ ਹੈ, ਜਿਸ ਵਿੱਚੋਂ ਧਰਤੀ ਹੇਠਲਾ ਕੇਵਲ ਤਿੰਨ ਪ੍ਰਤੀਸ਼ਤ ਪਾਣੀ ਹੀ ਪੀਣਯੋਗ ਹੈ। ਸਮਾਜ ਸੇਵੀ ਅਤੇ ਸੀਨੀਅਰ ਐਡਵੋਕੇਟ ਰਾਜੀਵ ਮਿੱਤਲ ਨੇ ਕਿਹਾ ਕਿ ਧਰਤੀ ਹੇਠਲਾ ਪਾਣੀ ਸੈਂਕੜੇ ਸਾਲਾਂ ’ਚ ਸਾਫ਼ ਹੁੰਦਾ ਹੋਇਆ ਕੁਦਰਤੀ ਤੌਰ ’ਤੇ ਬਣਾਏ ਗਏ ਪੱਤਣਾਂ ’ਚ ਸਾਂਭਿਆ ਜਾਂਦਾ ਹੈ। ਸਮਾਜ ਸੇਵੀ ਡਾ. ਰਾਜੀਵ ਸ਼ਰਮਾ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਨਾਲ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਪ੍ਰੋਫੈਸਰ (ਡਾ)ਮਨਦੀਪ ਸਿੰਘ ਘਈ ਨੇ ਕਿਹਾ ਕਿ ਪੰਜਾਬ ਦੇ 117 ਬਲਾਕ ਡਾਰਕ ਜ਼ੋਨ ਐਲਾਨੇ ਗਏ ਹਨ। ਬਰਨਾਲਾ ਬਲਾਕ ਵੀ ਡਾਰਕ ਜ਼ੋਨ ’ਚ ਸ਼ਾਮਲ ਹੈ।

ਵਾਈਐਸ ਪਬਲਿਕ ਸਕੂਲ ਵਿੱਚ ਮਨਾਈ ਜਨਮਅਸ਼ਟਮੀ



ਬਰਨਾਲਾ, 9 ਸਤੰਬਰ (ਇਸ਼ੂਨ ਕੰਗ) : ਵਾਈਐਸ ਪਬਲਿਕ ਸਕੂਲ, ਬਰਨਾਲਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਨਾਲ ਸਬੰਧਤ ਪਵਿੱਤਰ ਤਿਉਹਾਰ ਜਨਮਾਸ਼ਟਮੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਨਰਸਰੀ ਤੋਂ ਕਲਾਸ 5 ਤੱਕ ਦੇ ਵਿਦਿਆਰਥੀਆਂ ਨੇ ਵਿਸ਼ੇਸ਼ ਪ੍ਰਾਰਥਨਾ ਸਭਾ ਵਿੱਚ ਭਾਗ ਲਿਆ। ਨੰਨ੍ਹੇ ਵਿਦਿਆਰਥੀ ਰਾਧਾ-ਕ੍ਰਿਸ਼ਨ ਦੇ ਰੂਪ ਵਿੱਚ ਸਜ ਕੇ ਸਕੂਲ ਪਹੁੰਚੇ ਅਤੇ ਮਨਮੋਹਕ ਨ੍ਰਿਤ ਪੇਸ਼ਕਾਰੀਆਂ ਰਾਹੀਂ ਸਭ ਦਾ ਮਨ ਮੋਹ ਲਿਆ। ਸਕੂਲ ਦੇ ਪ੍ਰਿੰਸੀਪਲ ਮੋਹਿਤ ਜਿੰਦਲ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਜਨਮਾਸ਼ਟਮੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਨੂੰ ਭਾਰਤੀ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਦੇ ਜੀਵਨ ਤੋਂ ਪਿਆਰ, ਦਇਆ, ਕਰੁਣਾ, ਨੇਕੀ ਅਤੇ ਧਰਮ ਦੇ ਮਾਰਗ ’ਤੇ ਚੱਲਣ ਦੀ ਪ੍ਰੇਰਣਾ ਲੈਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

12 ਸਤੰਬਰ ਨੂੰ ਸਪੈਸ਼ਲ ਕੈਡਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ



ਧੂਰੀ, 9 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸਪੈਸ਼ਲ ਕੈਡਰ ਅਧਿਆਪਕ ਫਰੰਟ ਅਤੇ ਆਈ.ਈ.ਏ.ਟੀ. ਦੇ ਸੂਬਾ ਪ੍ਰਧਾਨ ਗੁਰਲਾਲ ਸਿੰਘ ਤੂਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 12,700 ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਵੱਡੇ-ਵੱਡੇ ਦਾਅਵੇ ਅਤੇ ਫਲੈਕਸ ਬੋਰਡ ਲਗਾ ਕੇ ਸਿਰਫ਼ ਲੋਕ ਦਿਖਾਵਾ ਕੀਤਾ ਗਿਆ ਹੈ, ਜਦਕਿ ਅਸਲ ਵਿੱਚ ਇਹ ਅਧਿਆਪਕ ਅੱਜ ਵੀ ਅਸੁਰੱਖਿਅਤ ਹਨ।

ਆਗੂਆਂ ਅਨੁਸਾਰ ਅਧਿਆਪਕਾਂ ਨੂੰ ਮਾਤਰ ਉੱਕਾ-ਪੁੱਕਾ ਤਨਖਾਹ ਵਾਧਾ ਦੇ ਕੇ ਕੇਵਲ ਕਾਗਜ਼ਾਂ ਵਿੱਚ ਹੀ ਪੱਕਾ ਦਰਸਾਇਆ ਗਿਆ ਹੈ। ਉਨ੍ਹਾਂ ਉੱਤੇ ਨਾ ਤਾਂ ਕੋਈ ਨਿਯਮਿਤ ਪੇ-ਸਕੇਲ, ਨਾ ਕੋਈ ਸੇਵਾ ਨਿਯਮ, ਨਾ ਮੈਡੀਕਲ ਭੱਤਾ ਅਤੇ ਨਾ ਹੀ ਹੋਰ ਸਰਕਾਰੀ ਲਾਭ ਲਾਗੂ ਕੀਤੇ ਗਏ ਹਨ। ਅਧਿਆਪਕਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਵੀ ਇੱਕ ਨਿਯਮਿਤ ਸਰਕਾਰੀ ਕਰਮਚਾਰੀ ਵਾਂਗ ਸਾਰੇ ਹੱਕ ਤੇ ਭੱਤੇ ਦਿੱਤੇ ਜਾਣ।

ਲਗਾਤਾਰ ਹੁੰਦੀ ਅਣਦੇਖੀ ਤੋਂ ਅੱਤਾਂ ਦੇ ਰੋਸ ਵਿੱਚ ਆਏ ਅਧਿਆਪਕਾਂ ਨੇ ਐਲਾਨ ਕੀਤਾ ਹੈ ਕਿ 12 ਸਤੰਬਰ ਨੂੰ ਮੁੱਖ ਮੰਤਰੀ ਮਾਨ ਦੀ ਸੰਗਰੂਰ ਰਿਹਾਇਸ਼ ਵੱਲ ਤਿੱਖਾ ਰੋਸ ਮਾਰਚ ਕੀਤਾ ਜਾਵੇਗਾ, ਕੋਠੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਗੁਪਤ ਐਕਸ਼ਨ ਵੀ ਉਲੀਕਿਆ ਜਾਵੇਗਾ। ਤੂਰ ਨੇ ਚਿਤਾਵਨੀ ਦਿੱਤੀ ਕਿ ਸਰਕਾਰ ਉਨ੍ਹਾਂ ਨੂੰ ਮੁੜ ‘ਖੁਰਾਨਾ ਦੀ ਟੈਂਕੀ’ ਵਰਗਾ ਸੰਘਰਸ਼ ਕਰਨ ਲਈ ਮਜ਼ਬੂਰ ਕਰ ਰਹੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ, ਗੁਰਦੀਪ ਕੌਰ, ਬਬੀਤਾ ਰਾਣੀ, ਗੀਟਾ ਰਾਣੀ, ਪਰਮਜੀਤ ਕੌਰ, ਕਿਰਨਪਾਲ ਕੌਰ ਅਤੇ ਗੁਰਪ੍ਰੀਤ ਸਿੰਘ ਚੀਮਾ ਆਦਿ ਆਗੂ ਵੀ ਮੌਜੂਦ ਸਨ।

+92 ਤੋਂ ਆਉਣ ਵਾਲੀਆਂ ਕਾਲਾਂ ਨੌਜਵਾਨਾਂ ਨੂੰ ਧੱਕ ਰਹੀਆਂ ਨੇ ਦੇਸ਼ ਧ੍ਰੋਹ ਵੱਲ

ਸੰਗਰੂਰ, 9 ਸਤੰਬਰ (ਅਮਨਜੋਤ ਸਿੰਘ) : ਭਾਰਤ ਦੇ ਨੌਜਵਾਨਾਂ ਨੂੰ ਕਾਲ ਕਰਕੇ ਸ਼ਰਾਰਤੀ ਅਨਸਰਾਂ ਵੱਲੋਂ ਗੁੰਮਰਾਹ ਕਰਕੇ ਆਪਣੇ ਜਾਲ ਵਿੱਚ ਫਸਾਉਣ ਦੀਆਂ ਕੋਸ਼ਿਸ਼ਾਂ ਦਿਨੋਂ ਦਿਨ ਵੱਧ ਰਹੀਆਂ ਹਨ। ਇਸ ਲਈ ਪੰਜਾਬ ਅਤੇ ਦੇਸ਼ ਭਰ ਦੇ ਨੌਜਵਾਨਾਂ ਲਈ ਇਹ ਖ਼ਬਰ ਇੱਕ ਗੰਭੀਰ ਚੇਤਾਵਨੀ ਹੈ। ਪਾਕਿਸਤਾਨੀ ਖੁਫੀਆ ਏਜੰਸੀ (ISI) ਅਤੇ ਵਿਦੇਸ਼ੀ ਤਾਕਤਾਂ ਨੇ ਭਾਰਤੀ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਇੱਕ ਨਵਾਂ ਡਿਜੀਟਲ ਤਰੀਕਾ ਲੱਭਿਆ ਹੈ। ਸੋਸ਼ਲ ਮੀਡੀਆ ਰਾਹੀਂ ਹਨੀਟ੍ਰੈਪ (Honeytrap), ਵਿਦੇਸ਼ੀ ਕੰਟਰੀ ਕੋਡ +92 ਤੋਂ ਆਉਣ ਵਾਲੀਆਂ ਕਾਲਾਂ, ਅਤੇ ਮਾਮੂਲੀ ਪੈਸਿਆਂ ਦਾ ਲਾਲਚ ਨੌਜਵਾਨਾਂ ਨੂੰ ਅੱਤਵਾਦੀ ਗਤੀਵਿਧੀਆਂ ਅਤੇ ਜਾਸੂਸੀ ਦੇ ਰਾਹ ਪਾ ਰਿਹਾ ਹੈ, ਜਿਸ ਕਰਕੇ ਕਈ ਨੌਜਵਾਨ ਗ੍ਰਿਫ਼ਤਾਰ ਹੋ ਕੇ ਆਪਣਾ ਭਵਿੱਖ ਬਰਬਾਦ ਕਰ ਰਹੇ ਹਨ। ਇਹ ਨੈੱਟਵਰਕ ਖਾਸ ਤੌਰ ’ਤੇ +92 (ਪਾਕਿਸਤਾਨ ਦਾ ਕੋਡ) ਵਾਲੇ ਨੰਬਰਾਂ ਰਾਹੀਂ ਕੰਮ ਕਰਦਾ ਹੈ।

ਵਿਦੇਸ਼ੀ ਏਜੰਟ ਵਟਸਐਪ, ਫੇਸਬੁੱਕ ਜਾਂ ਇੰਸਟਾਗ੍ਰਾਮ ’ਤੇ ਕੁੜੀਆਂ ਦੇ ਨਾਮ ਦੀਆਂ ਫਰਜ਼ੀ ਪ੍ਰੋਫਾਈਲਾਂ ਤੋਂ ਨੌਜਵਾਨਾਂ ਨੂੰ ਦੋਸਤੀ ਦਾ ਝਾਂਸਾ ਦਿੰਦੇ ਹਨ।

ਬਲੈਕਮੇਲਿੰਗ ਅਸ਼ਲੀਲ ਵੀਡੀਓ ਕਾਲਾਂ ਕਰਕੇ ਉਨ੍ਹਾਂ ਦੀ ਸਕ੍ਰੀਨ ਰਿਕਾਰਡਿੰਗ ਰਾਹੀਂ ਨੌਜਵਾਨਾਂ ਨੂੰ ਹਨੀਟ੍ਰੈਪ ਕੀਤਾ ਜਾਂਦਾ ਹੈ।

ਜਾਸੂਸੀ ਦੀ ਮੰਗ : ਇਸ ਬਲੈਕਮੇਲਿੰਗ ਦੇ ਡਰ ਹੇਠ ਜਾਂ ਪੈਸੇ ਦਾ ਲਾਲਚ ਦੇ ਕੇ ਨੌਜਵਾਨਾਂ ਤੋਂ ਭਾਰਤੀ ਫੌਜ ਦੇ ਟਿਕਾਣਿਆਂ, ਰੇਲਵੇ ਸਟੇਸ਼ਨਾਂ, ਵੀ.ਆਈ.ਪੀ. ਸੁਰੱਖਿਆ ਜਾਂ ਸਰਕਾਰੀ ਦਸਤਾਵੇਜ਼ਾਂ ਦੀਆਂ ਫੋਟੋਆਂ ਮੰਗੀਆਂ ਜਾਂਦੀਆਂ ਹਨ।

ਪੁਲਿਸ ਵੱਲੋਂ ਬਚਾਅ ਲਈ ਅਪੀਲ +92 ਨੰਬਰਾਂ ਤੋਂ ਸੁਚੇਤ ਰਹੋ।

ਵਾਈ.ਐੱਸ. ਸਕੂਲ ਵਿੱਚ 14 ਰੋਜ਼ਾ ਲਿਟਰੇਰੀ ਆਰਟ ਫੈਸਟ ਸੰਪੰਨ



ਬਰਨਾਲਾ, 9 ਸਤੰਬਰ (ਇਸ਼ੂਨ ਕੰਗ) : ਵਾਈ.ਐੱਸ. ਸਕੂਲ ਬਰਨਾਲਾ ਵਿਖੇ 14 ਰੋਜ਼ਾ ਲਿਟਰੇਰੀ ਆਰਟ ਫੈਸਟ 2026 ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ। ਫੈਸਟ ਵਿੱਚ 1000 ਤੋਂ ਵੱਧ ਸਕਾਲਰਜ਼ ਨੇ ਕਵਿਤਾ, ਕਹਾਣੀ, ਲੇਖਨ, ਰਚਨਾਤਮਕ ਪੇਸ਼ਕਾਰੀਆਂ ਅਤੇ ਵੱਖ-ਵੱਖ ਸਟੇਜ ਗਤੀਵਿਧੀਆਂ ਵਿੱਚ ਭਾਗ ਲਿਆ। ਇਸ ਮੌਕੇ 35 ਤੋਂ ਵੱਧ ਵਿਸ਼ੇਸ਼ ਮਹਿਮਾਨਾਂ ਨੇ ਸ਼ਿਰਕਤ ਕਰਕੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ। ਸੀਤਾ ਗ੍ਰਾਮਰ ਸਕੂਲ, ਮਲੇਰਕੋਟਲਾ ਅਤੇ ਜਨਰਲ ਗੁਰਨਾਮ ਸਿੰਘ ਪਬਲਿਕ ਸਕੂਲ, ਸੰਗਰੂਰ ਦੇ ਸਕਾਲਰਜ਼ ਨੇ ਵੀ ਭਾਗ ਲਿਆ। ਫੈਸਟ ਨੇ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕਤਾ, ਸੰਚਾਰ ਅਤੇ ਪ੍ਰਗਟਾਵੇ ਦੀ ਸਮਰੱਥਾ ਨੂੰ ਨਿਖਾਰਨ ਲਈ ਮੰਚ ਪ੍ਰਦਾਨ ਕੀਤਾ।

ਚੋਰ ਗਿਰੋਹ ਦੇ ਤਿੰਨ ਮੈਂਬਰ ਕਾਬੂ, ਚੋਰੀ ਦਾ ਸਮਾਨ ਬਰਾਮਦ



ਬਰਨਾਲਾ, 9 ਸਤੰਬਰ (ਬਘੇਲ ਸਿੰਘ ਧਾਲੀਵਾਲ/ਚਮਕੌਰ ਸਿੰਘ ਗੱਗੀ) : ਬਰਨਾਲਾ ਪੁਲਿਸ ਨੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਜਨਮ ਅਸ਼ਟਮੀ ਵਾਲੇ ਦਿਨ ਬਰਨਾਲਾ ਦੇ ਵੱਖ ਵੱਖ ਏਰੀਏ ਵਿੱਚੋਂ ਆਰਐਸ ਸੈਂਟਰ ਪ੍ਰਾਈਜ ਤੋਂ ਏਸੀਐਲਈਡੀ ਸਮੇਤ ਭਗਵਾਨ ਦੀ ਮੂਰਤੀ ਚੋਰੀ ਕਰਨ ਵਾਲੇ ਇੱਕ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ’ਚੋਂ ਚੋਰੀ ਦਾ ਸਮਾਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਐਸਪੀ ਡੀ ਬਰਨਾਲਾ ਸੰਜੀਵ ਗੋਇਲ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਸੀਆਈਏ ਬਰਨਾਲਾ ਦੇ ਇੰਚਾਰਜ ਇੰਸਪੈਕਟਰ ਬਲਜੀਤ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ 7 ਸਤੰਬਰ ਨੂੰ ਗੁਪਤ ਸੂਚਨਾ ਦੇ ਆਧਾਰ ’ਤੇ ਕਾਰਵਾਈ ਕਰਦਿਆਂ ਨੇੜੇ ਬੰਦ ਪਏ ਟੋਲ ਪਲਾਜ਼ਾ, ਬਾਹੱਦ ਜਗਜੀਤਪੁਰਾ ਤੋਂ ਹਰਦੀਪ ਸਿੰਘ ਉਰਫ਼ ਦੀਪਾ, ਜਸਪ੍ਰੀਤ ਸਿੰਘ ਉਰਫ਼ ਜੱਸੂ ਅਤੇ ਗੁਰਪ੍ਰੀਤ ਸਿੰਘ ਉਰਫ਼ ਬਿੱਲਾ ਨੂੰ ਕਾਬੂ ਕੀਤਾ। ਪੁਲਿਸ ਅਨੁਸਾਰ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਵੱਲੋਂ 5 ਅਤੇ 6 ਸਤੰਬਰ ਦੀ ਰਾਤ ਨੂੰ ਬਰਨਾਲਾ ਵਿੱਚ ਵੱਖ-ਵੱਖ ਥਾਵਾਂ ’ਤੇ ਚੋਰੀਆਂ ਕੀਤੀਆਂ ਗਈਆਂ ਸਨ। ਪੁਲਿਸ ਨੇ ਮੁਲਜ਼ਮਾਂ ਦੀ ਨਿਸ਼ਾਨਦੇਹੀ ’ਤੇ ਦੋ ਲੈਪਟਾਪ, 32 ਇੰਚ ਦੀ ਐਲਈਡੀ, ਗਰਾਈਂਡਰ, ਟੀਵੀ ਕੈਲੀਬਰੇਟਰ ਰੰਗ ਚਿੱਟਾ ਅਤੇ ਹੋਰ ਸਮਾਨ ਬਰਾਮਦ ਕੀਤਾ ਹੈ। ਪੁਲਿਸ ਨੇ ਇਸ ਸਬੰਧੀ ਥਾਣਾ ਸਿਟੀ-2 ਬਰਨਾਲਾ ਵਿੱਚ ਮੁਕੱਦਮਾ ਦਰਜ ਕੀਤਾ ਹੈ। ਪੁਲਿਸ ਅਧਿਕਾਰੀਆਂ ਮੁਤਾਬਕ ਮੁਲਜ਼ਮਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਪੁੱਛਗਿੱਛ ਦੌਰਾਨ ਹੋਰ ਚੋਰੀਆਂ ਦੇ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਪੁਲਿਸ ਰਿਕਾਰਡ ਅਨੁਸਾਰ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਚੋਰੀ ਅਤੇ ਹੋਰ ਧਾਰਾਵਾਂ ਤਹਿਤ ਮਾਮਲੇ ਦਰਜ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਦੱਸਣ ਯੋਗ ਹੈ ਕਿ ਪਿਛਲੇ ਦਿਨੀਂ ਬਰਨਾਲਾ ਦੇ ਦੋ ਵੱਖ ਵੱਖ ਏਰੀਏ ਵਿੱਚ ਆਰਐਸ ਸੈਂਟਰ ਪ੍ਰਾਈਜ ਤੋਂ ਚੋਰਾਂ ਵੱਲੋਂ ਭਗਵਾਨ ਦੀ ਮੂਰਤੀ ਨੂੰ ਚੋਰੀ ਕਰ ਲਿਆ ਸੀ ਜਿਸ ਤੇ ਬਰਨਾਲਾ ਪੁਲਿਸ ਵੱਲੋਂ ਸਖਤ ਕਾਰਵਾਈ ਕਰਦੇ ਹੋਏ ਚੋਰ ਗਰੋਹ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਲਦੀ ਹੀ ਹੋਰ ਖੁਲਾਸੇ ਹੋਣ ਦੀ ਸੰਭਾਵਨਾ।

ਮਹਿਲ ਕਲਾਂ ਵਿੱਚ ‘ਖੇਡਾਂ ਵਤਨ ਪੰਜਾਬ ਦੀਆਂ’ ਤਹਿਤ 735 ਖਿਡਾਰੀਆਂ ਨੇ ਦਿਖਾਇਆ ਹੁੱਨਰ



ਮਹਿਲ ਕਲਾਂ, 9 ਸਤੰਬਰ (ਜਸਵੀਰ ਸਿੰਘ ਜੱਸਾ ਮਾਣਕੀ) : ਮੁੱਖ ਮੰਤਰੀ ਪੰਜਾਬ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ‘ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-4’ ਤਹਿਤ ਮਹਿਲ ਕਲਾਂ ਵਿੱਚ 7 ਅਤੇ 8 ਸਤੰਬਰ ਨੂੰ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਖੇਡ ਅਫ਼ਸਰ ਰੁਪੇਸ਼ ਕੁਮਾਰ ਬੇਗੜਾ ਨੇ ਦੱਸਿਆ ਕਿ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਕੁੱਲ 735 ਖਿਡਾਰੀਆਂ ਨੇ ਹਿੱਸਾ ਲਿਆ। ਐਥਲੈਟਿਕਸ ਵਿੱਚ 200, ਫੁੱਟਬਾਲ ਵਿੱਚ 228, ਖੋ-ਖੋ ਵਿੱਚ 142, ਵਾਲੀਬਾਲ ਵਿੱਚ 51 ਅਤੇ ਕਬੱਡੀ ਵਿੱਚ 114 ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਿਖਾਈ। ਅੰਡਰ-17 ਲੜਕਿਆਂ ਦੀ 100 ਮੀਟਰ ਦੌੜ ਵਿੱਚ ਦਿਲਪ੍ਰੀਤ ਢਿੱਲੋਂ ਨੇ ਪਹਿਲਾ, ਰੋਹਣਬੀਰ ਸਿੰਘ ਨੇ ਦੂਜਾ ਅਤੇ ਏਕਮਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਫੁੱਟਬਾਲ ਦੇ ਅੰਡਰ-14 ਵਿੱਚ ਕਲੱਬ ਕਲਾਲ ਮਾਜਰਾ, ਸਰਕਾਰੀ ਹਾਈ ਸਕੂਲ ਸਹਿਜੜਾ ਅਤੇ ਸਰਕਾਰੀ ਹਾਈ ਸਕੂਲ ਪੰਡੋਰੀ ਕ੍ਰਮਵਾਰ ਪਹਿਲੇ ਤਿੰਨ ਸਥਾਨਾਂ ’ਤੇ ਰਹੇ। ਅੰਡਰ-17 ਵਿੱਚ ਕਲੱਬ ਮਹਿਲ ਕਲਾਂ, ਪਿੰਡ ਸਹਿਜੜਾ ਅਤੇ ਪਿੰਡ ਧਨੇਰ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਹਾਸਲ ਕੀਤੇ। ਰੁਪੇਸ਼ ਕੁਮਾਰ ਬੇਗੜਾ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਮਹਿਲ ਕਲਾਂ ਅਤੇ ਜ਼ਿਲ੍ਹਾ ਬਰਨਾਲਾ ਦਾ ਨਾਮ ਰੌਸ਼ਨ ਹੋਇਆ ਹੈ। ਹੁਣ ਜੇਤੂ ਖਿਡਾਰੀ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ।

ਵਿਸ਼ੇਸ਼ ਗਹਿਰੀ ਸੁਧਾਈ ਤਹਿਤ ਬੀ. ਐਲ. ਓਜ਼. ਨੂੰ ਫਾਰਮਾਂ ਦੀਆਂ ਸੂਚੀਆਂ ਸੌਂਪੀਆਂ



ਬਰਨਾਲਾ, 9 ਸਤੰਬਰ (ਬਘੇਲ ਸਿੰਘ ਧਾਲੀਵਾਲ) : ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਗਹਿਰੀ ਸੁਧਾਈ ਪ੍ਰਕਿਰਿਆ ਦਾ ਦੂਜਾ ਪੜਾਅ ਜਾਰੀ ਹੈ। ਇਸ ਤਹਿਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਵੱਲੋਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਬੂਥ ਲੈਵਲ ਏਜੰਟਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ



ਪਟਿਆਲਾ-ਆਸ/ਪਾਸ



ਮਾਨ ਸਰਕਾਰ ਨੇ ਦਾਦੇ ਤੋਂ ਪੋਤੇ ਤੱਕ ਨੂੰ ਖੇਡ ਮੈਦਾਨ 'ਚ ਭੇਜ ਕੇ ਪੰਜਾਬ ਅੰਦਰ ਖੇਡਾਂ ਦਾ ਮਾਹੌਲ ਸਿਰਜਿਆ : ਡਾ. ਬਲਬੀਰ ਸਿੰਘ

➢ਸਿਹਤ ਮੰਤਰੀ ਤੇ ਜ਼ਿਲ੍ਹੇ ਦੇ ਸਮੂਹ ਵਿਧਾਇਕਾਂ ਵੱਲੋਂ ਪਟਿਆਲਾ ਨੂੰ ਖੇਡਾਂ ਵਤਨ ਪੰਜਾਬ ਦੀਆਂ 'ਚ ਮੋਹਰੀ ਜ਼ਿਲ੍ਹਾ ਬਣਾਉਣ ਉਤੇ ਜ਼ੋਰ



ਪਟਿਆਲਾ, 9 ਸਤੰਬਰ (ਰੁਪਾਣਾ/ਅਮਰਜੀਤ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਪਟਿਆਲਾ ਦੇ ਸਮੂਹ ਵਿਧਾਇਕਾਂ ਨੇ ਜ਼ਿਲ੍ਹੇ ਨੂੰ ਖੇਡਾਂ ਵਤਨ ਪੰਜਾਬ ਦੀਆਂ 'ਚ ਮੋਹਰੀ ਜ਼ਿਲ੍ਹਾ ਬਣਾਉਣ ਉਤੇ ਜ਼ੋਰ ਦਿੱਤਾ ਹੈ। ਇੱਥੇ ਇੱਕ ਉਚ ਪੱਧਰੀ ਬੈਠਕ ਕਰਕੇ ਖੇਡਾਂ ਵਤਨ ਪੰਜਾਬ ਦੀਆਂ-4 ਸੀਜ਼ਨ ਦੀ ਰਜਿਸਟ੍ਰੇਸ਼ਨ 'ਤੇ ਚੱਲ ਰਹੀਆਂ ਖੇਡਾਂ ਦਾ ਜਾਇਜ਼ਾ ਲੈਣ ਮੌਕੇ ਸਿਹਤ ਮੰਤਰੀ ਨੇ ਕਿਹਾ ਭਗਵੰਤ ਮਾਨ ਸਰਕਾਰ ਨੇ ਇਨ੍ਹਾਂ ਖੇਡਾਂ ਰਾਹੀਂ ਦਾਦੇ ਤੋਂ ਪੋਤੇ ਤੱਕ ਨੂੰ ਖੇਡ ਮੈਦਾਨ ਵਿੱਚ ਭੇਜ ਕੇ ਪੰਜਾਬ ਅੰਦਰ ਖੇਡਾਂ ਦਾ ਮਾਹੌਲ ਸਿਰਜਿਆ ਹੈ।ਉਨ੍ਹਾਂ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾ ਕੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ। ਬੈਠਕ ਮੌਕੇ ਵਿਧਾਇਕ ਨੀਨਾ ਮਿੱਤਲ, ਚੇਤਨ ਸਿੰਘ ਜੌੜਾਮਾਜਰਾ, ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜੀਗਰ ਤੇ ਗੁਰਦੇਵ ਸਿੰਘ ਦੇਵ ਮਾਨ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਦੇ ਨੁਮਾਇੰਦੇ ਦੇਵਿੰਦਰਪਾਲ ਸਿੰਘ ਮਿੱਕੀ, ਰਣਜੋਧ ਸਿੰਘ ਹਡਾਣਾ ਦੇ ਨੁਮਾਇੰਦੇ ਹਰਪ੍ਰੀਤ ਸਿੰਘ ਘੁੰਮਣ, ਏ .ਡੀ.ਸੀ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ, ਐਸ. ਪੀ ਰਜੇਸ਼ ਛਿੱਬੜ, ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਸਮੇਤ ਜ਼ਿਲ੍ਹਾ ਪਟਿਆਲਾ ਦੀਆਂ ਖੇਡ ਐਸੋਸੀਏਸ਼ਨਾਂ ਤੇ ਫੈਡਰੇਸ਼ਨਾਂ ਦੇ ਨੁਮਾਇੰਦੇ ਵੀ ਮੌਜੂਦ ਸਨ। ਖੇਡਾਂ ਵਤਨ ਪੰਜਾਬ ਦੀਆਂ-4 ਸੀਜ਼ਨ ਦੀ ਰਜਿਸਟ੍ਰੇਸ਼ਨ ਵੱਧ ਤੋਂ ਵੱਧ ਕਰਵਾਕੇ 14 ਸਾਲ ਤੋਂ 60 ਸਾਲ ਤੱਕ ਦੇ ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਕੇ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਉਤੇ ਜ਼ੋਰ ਦਿੱਤਾ। ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 5 ਸਤੰਬਰ ਨੂੰ ਬਠਿੰਡਾ ਵਿਖੇ ਖੇਡਾਂ ਦਾ ਉਦਘਾਟਨ ਕਰਨ ਨਾਲ ਖੇਡਾਂ ਵਤਨ ਪੰਜਾਬ ਦੀਆਂ 2026 ਦਾ ਚੌਥਾ ਸੀਜ਼ਨ ਸ਼ੁਰੂ ਹੋ ਗਿਆ ਹੈ ਅਤੇ ਇਨ੍ਹਾਂ ਦੀ ਸਮਾਪਤੀ ਦਾ ਵਿਸ਼ਾਲ ਸਮਾਗਮ 29 ਨਵੰਬਰ ਨੂੰ ਪਟਿਆਲਾ ਵਿਖੇ ਹੋਵੇਗਾ। ਇਹਨਾਂ ਖੇਡਾਂ ਵਿੱਚ 9 ਉਮਰ ਵਰਗ ਵਿੱਚ 38 ਖੇਡਾਂ ਤੇ 1 ਪ੍ਰਦਰਸ਼ਨੀ ਖੇਡ (ਟੈਨਿਸ ਬਾਲ ਕ੍ਰਿਕਟ) ਅਤੇ 4 ਪੈਰਾ ਸਪੋਰਟਸ ਖੇਡਾਂ ਦੇ ਮੁਕਾਬਲੇ ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ ਉੱਤੇ ਕਰਵਾਏ ਜਾ ਰਹੇ ਹਨ। ਮੁੰਡਿਆਂ ਤੇ ਕੁੜੀਆਂ ਦੇ ਮੁਕਾਬਲੇ ਹੋਣਗੇ। ਜੇਤੂਆਂ ਨੂੰ 12 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਅਤੇ ਗ੍ਰੇਡੇਸ਼ਨ ਸਰਟੀਫਿਕੇਟ ਦਿੱਤੇ ਜਾਣਗੇ।ਉਨ੍ਹਾਂ ਦੱਸਿਆ ਕਿ 9 ਉਮਰ ਵਰਗਾਂ ਵਿੱਚ ਅੰਡਰ-14, ਅੰਡਰ 17, ਅੰਡਰ 21, 21-30, 31-40, 41-50, 51-60, 61-70 ਅਤੇ 70 ਸਾਲ ਤੋਂ ਉੱਪਰ ਸ਼ਾਮਲ ਹਨ।ਬਲਾਕ ਪੱਧਰ ਉੱਤੇ 7 ਖੇਡਾਂ ਦੇ ਮੁਕਾਬਲੇ ਸ਼ੁਰੂ ਹੋ ਗਏ ਹਨ, ਜੋ 18 ਸਤੰਬਰ ਤੱਕ ਚੱਲਣਗੇ। ਇਹ ਸੱਤ ਖੇਡਾਂ ਅਥਲੈਟਿਕਸ, ਖੋ-ਖੋ, ਕਬੱਡੀ (ਨੈਸ਼ਨਲ ਸਟਾਈਲ), ਕਬੱਡੀ (ਸਰਕਲ ਸਟਾਈਲ), ਫੁੱਟਬਾਲ, ਵਾਲੀਬਾਲ (ਸਮੈਸ਼ਿੰਗ) ਅਤੇ ਵਾਲੀਬਾਲ (ਸ਼ੂਟਿੰਗ) ਹਨ। 20 ਸਤੰਬਰ ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਹੋਣਗੇ। ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਬਲਾਕ ਪੱਧਰ ਦੀਆਂ 7 ਖੇਡਾਂ ਦੇ ਜੇਤੂਆਂ ਤੋਂ ਇਲਾਵਾ 21 ਹੋਰ ਖੇਡਾਂ ਸਿੱਧੀਆਂ ਜ਼ਿਲ੍ਹਾ ਪੱਧਰ ਉਤੇ ਨਵੀਆਂ ਸ਼ਾਮਲ ਹੋਣਗੀਆਂ। ਜ਼ਿਲ੍ਹਾ ਪੱਧਰ ਉੱਤੇ ਕੁੱਲ 28 ਖੇਡਾਂ ਦੇ ਮੁਕਾਬਲੇ ਹੋਣਗੇ। ਨਵੀਆਂ 21 ਖੇਡਾਂ ਵਿੱਚ ਹੈਂਡਬਾਲ, ਸਾਫਟਬਾਲ, ਜੂਡੋ, ਗਤੱਕਾ, ਕਿੱਕ ਬਾਕਸਿੰਗ, ਹਾਕੀ, ਨੈਟਬਾਲ, ਬੈਡਮਿੰਟਨ, ਬਾਸਕਟਬਾਲ, ਪਾਵਰਲਿਫਟਿੰਗ, ਲਾਅਨਟੈਨਿਸ, ਰੈਸਲਿੰਗ, ਸਵੀਮਿੰਗ, ਬਾਕਸਿੰਗ, ਟੇਬਲ ਟੈਨਿਸ, ਵੇਟਲਿਫਟਿੰਗ, ਚੈੱਸ, ਸ਼ੂਟਿੰਗ, ਫੈਨਸਿੰਗ, ਰੋਲਰ ਸਕੇਟਿੰਗ ਅਤੇ ਆਰਚਰੀ ਸ਼ਾਮਲ ਹਨ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰ ਦੇ ਮੁਕਾਬਲੇ ਹੋਣਗੇ। ਸੂਬਾ ਪੱਧਰ ਉੱਤੇ ਜ਼ਿਲ੍ਹਾ ਪੱਧਰ ਦੀਆਂ 28 ਖੇਡਾਂ ਦੇ ਜੇਤੂਆਂ ਤੋਂ ਇਲਾਵਾ 10 ਹੋਰ ਖੇਡਾਂ ਸਿੱਧੀਆਂ ਸੂਬਾ ਪੱਧਰ ਉੱਤੇ ਨਵੀਆਂ ਸ਼ਾਮਲ ਹੋਣਗੀਆਂ। ਸੂਬਾ ਪੱਧਰ ਉੱਤੇ ਕੁੱਲ 38 ਖੇਡਾਂ ਦੇ ਮੁਕਾਬਲੇ ਹੋਣਗੇ, ਨਵੀਆਂ 10 ਖੇਡਾਂ ਵਿੱਚ ਜਿਮਨਾਸਟਿਕ, ਰੋਇੰਗ, ਕੈਨੋਇੰਗ, ਕੈਕਿੰਗ ਵੁਸ਼ੂ, ਰਗਬੀ, ਸਾਈਕਲਿੰਗ, ਘੋੜਸਵਾਰੀ, ਤਾਇਕਵਾਂਡੋ, ਬੇਸਬਾਲ ਅਤੇ ਕਰਾਟੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਚਾਰ ਪੈਰਾ ਖੇਡਾਂ ਦੇ ਮੁਕਾਬਲੇ 25 ਤੋਂ 28 ਨਵੰਬਰ ਤੱਕ ਹੋਣਗੇ। ਪੈਰਾ ਖੇਡਾਂ ਵਿੱਚ ਪੈਰਾ ਪਾਵਰਲਿਫਟਿੰਗ, ਪੈਰਾ ਬੈਡਮਿੰਟਨ ਅਤੇ ਵ੍ਹੀਲਚੇਅਰ ਬਾਸਕਟਬਾਲ, ਪੈਰਾ ਅਥਲੈਟਿਕਸ ਸ਼ਾਮਲ ਹਨ।

ਪੁਲਿਸ ਨੇ 24 ਘੰਟਿਆਂ 'ਚ ਅੰਨ੍ਹੇ ਕਤਲ ਦਾ ਮਾਮਲਾ ਸੁਲਝਾਇਆ

➢ਪੁਰਾਣੀ ਰੰਜਿਸ਼ ਕਾਰਨ ਵਿਅਕਤੀ ਦਾ ਕਤਲ ਕਰਨ ਵਾਲਾ ਕਾਬੂ

ਘਨੌਰ, 9 ਸਤੰਬਰ (ਮਦਨ ਲਾਲ/ਰਜਿੰਦਰ ਸਿੰਘ ਕੰਬੋਜ) : ਪਟਿਆਲਾ ਪੁਲਿਸ ਨੇ ਇਲਾਕੇ ਵਿੱਚ ਵਾਪਰੀ ਅੰਨ੍ਹੇ ਕਤਲ ਦੀ ਇੱਕ ਸਨਸਨੀਖੇਜ਼ ਵਾਰਦਾਤ ਨੂੰ ਮਹਿਜ਼ 24 ਘੰਟਿਆਂ ਦੇ ਅੰਦਰ-ਅੰਦਰ ਸੁਲਝਾਉਣ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਰਾਣੀ ਰੰਜਿਸ਼ ਦੇ ਚਲਦਿਆਂ ਇੱਕ ਵਿਅਕਤੀ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਮੁੱਖ ਦੋਸ਼ੀ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ।ਮੁਖਬਰ ਅਤੇ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ 7.9.2026 ਨੂੰ ਸੋਨੂੰ ਪੁੱਤਰ ਧਰਮ ਸਿੰਘ ਵਾਸੀ ਪਿੰਡ ਸਮਸਪੁਰ ਨੇ ਥਾਣਾ ਘਨੌਰ ਵਿਖੇ ਬਿਆਨ ਦਰਜ ਕਰਵਾਏ ਸਨ ਕਿ ਉਸਦੇ ਪਿਤਾ ਧਰਮ ਸਿੰਘ (ਉਮਰ ਕਰੀਬ 48 ਸਾਲ) ਦੀ ਲਾਸ਼ ਪਿੰਡ ਉਂਟਸਰ ਦੇ ਸ਼ਮਸ਼ਾਨ ਘਾਟ ਵਿੱਚ ਬੋਹੜ ਦੇ ਦਰੱਖਤ ਹੇਠਾਂ ਬਣੇ ਸ਼ੈਡ ਵਿੱਚ ਸਿਮਿੰਟ ਦੇ ਥੜ੍ਹੇ ਉੱਤੇ ਖੂਨ ਨਾਲ ਲੱਥਪੱਥ ਮਿਲੀ ਸੀ। ਸ਼ਿਕਾਇਤਕਰਤਾ ਨੇ ਸ਼ੱਕ ਜ਼ਾਹਰ ਕੀਤਾ ਸੀ ਕਿ ਉਸਦੇ ਪਿਤਾ ਦਾ ਕਤਲ ਕਾਕਾ ਸਿੰਘ ਪੁੱਤਰ ਭਾਨ ਸਿੰਘ ਵਾਸੀ ਪਿੰਡ ਉਂਟਸਰ ਅਤੇ ਹੋਰ ਅਣਪਛਾਤੇ ਵਿਅਕਤੀਆਂ ਵੱਲੋਂ ਕੀਤਾ ਗਿਆ ਹੈ। ਇਸ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਤੁਰੰਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ।



ਐਸ.ਐਸ.ਪੀ. ਪਟਿਆਲਾ ਹਰਮਨਦੀਪ ਸਿੰਘ ਹਾਂਸ, ਐਸ.ਪੀ. ਇਨਵੈਸਟੀਗੇਸ਼ਨ ਦਵਿੰਦਰ ਕੁਮਾਰ ਅੱਤਰੀ ਅਤੇ ਡੀ.ਐਸ.ਪੀ. ਘਨੌਰ ਦਲਜੀਤ ਸਿੰਘ ਵਿਰਕ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਮਨਪ੍ਰੀਤ ਸਿੰਘ ਇੰਚਾਰਜ ਸਪੈਸ਼ਲ ਸੈੱਲ ਰਾਜਪੁਰਾ ਅਤੇ ਐਸ.ਆਈ. ਗੁਰਮੁੱਖ ਸਿੰਘ ਮੁੱਖ ਅਫ਼ਸਰ ਥਾਣਾ ਘਨੌਰ ਦੀਆਂ ਟੀਮਾਂ ਨੇ ਤਕਨੀਕੀ ਅਤੇ ਪੇਸ਼ੇਵਰ ਤਰੀਕੇ ਨਾਲ ਕਾਰਵਾਈ ਕਰਦਿਆਂ ਕਥਿਤ ਦੋਸ਼ੀ ਕਾਕਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਕਾਕਾ ਸਿੰਘ ਦੇ ਖਿਲਾਫ ਸਾਲ 2021 ਵਿੱਚ ਥਾਣਾ ਘਨੌਰ ਵਿਖੇ ਪੋਕਸੋ ਐਕਟ ਤਹਿਤ ਮੁਕੱਦਮਾ ਦਰਜ ਹੋਇਆ ਸੀ, ਜਿਸ ਮਾਮਲੇ ਵਿੱਚ ਉਹ ਜੇਲ੍ਹ ਗਿਆ ਸੀ। ਜੇਲ੍ਹ ਵਿੱਚ ਰਹਿਣ ਦੌਰਾਨ ਕਾਕਾ ਸਿੰਘ ਦੇ ਮਨ ਵਿੱਚ ਇਹ ਸ਼ੱਕ ਪੈਦਾ ਹੋ ਗਿਆ ਸੀ ਕਿ ਮ੍ਰਿਤਕ ਧਰਮ ਸਿੰਘ ਨੇ ਉਸਦੀ ਪਤਨੀ ਨਾਲ ਕੋਈ ਗਲਤ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਸੀ।ਇਸੇ ਖੁੰਦਕ ਅਤੇ ਰੰਜਿਸ਼ ਨੂੰ ਦਿਲ ਵਿੱਚ ਰੱਖਦਿਆਂ 6.9.2026 ਨੂੰ ਪਹਿਲਾਂ ਕਾਕਾ ਸਿੰਘ ਅਤੇ ਧਰਮ ਸਿੰਘ ਨੇ ਇਕੱਠਿਆਂ ਬੈਠ ਕੇ ਸ਼ਰਾਬ ਪੀਤੀ। ਮੌਕਾ ਮਿਲਦਿਆਂ ਹੀ ਕਥਿਤ ਦੋਸ਼ੀ ਕਾਕਾ ਸਿੰਘ ਨੇ ਪਹਿਲਾਂ ਧਰਮ ਸਿੰਘ ਦਾ ਰੱਸੇ ਨਾਲ ਗਲਾ ਘੁੱਟਿਆ ਅਤੇ ਫਿਰ ਉਸਦੇ ਸਿਰ ਦੇ ਪਿਛਲੇ ਪਾਸੇ ਅਤੇ ਮੱਥੇ ਵਿੱਚ ਇੱਟਾਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ।ਪੁਲਿਸ ਵੱਲੋਂ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਤਾਂ ਜੋ ਮਾਮਲੇ ਦੀ ਡੂੰਘਾਈ ਨਾਲ ਹੋਰ ਪੁੱਛਗਿੱਛ ਹੋ ਸਕੇ।

ਰੱਖੜਾ ਦੀ ਅਗਵਾਈ 'ਚ ਅਕਾਲੀ ਆਗੂ ਮਨਜੀਤ ਸਿੰਘ ਮੱਟੂ 'ਆਪ' 'ਚ ਸ਼ਾਮਲ



ਸਮਾਣਾ, 9 ਸਤੰਬਰ (ਵਿਜੇ ਕੁਮਾਰ) : ਸਾਬਕਾ ਕੈਬਨਿਟ ਮੰਤਰੀ ਅਤੇ 'ਆਪ' ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਹੋਰ ਮਜ਼ਬੂਤੀ ਮਿਲੀ, ਜਦੋਂ ਹਲਕਾ ਸਮਾਣਾ ਦੇ ਪਿੰਡ ਬਾਦਸ਼ਾਹਪੁਰ ਕਾਲੇਕੀ ਤੋਂ ਸਰਗਰਮ ਅਕਾਲੀ ਆਗੂ ਸ. ਮਨਜੀਤ ਸਿੰਘ ਮੱਟੂ ਨੇ ਅਕਾਲੀ ਦਲ ਨੂੰ ਛੱਡ ਕੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸ. ਰੱਖੜਾ ਨੇ ਮਨਜੀਤ ਸਿੰਘ ਮੱਟੂ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਪਰਿਵਾਰ ਵਿੱਚ ਸਿਰੋਪਾਓ ਭੇਟ ਕਰ ਕੇ ਸਵਾਗਤ ਕੀਤਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਮਨਜੀਤ ਸਿੰਘ ਮੱਟੂ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਸੰਗਠਨ ਨੂੰ ਪਿੰਡ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਸਦਕਾ ਸੂਬੇ ਭਰ 'ਚ ਲੋਕਾਂ ਦਾ ਭਰੋਸਾ ਆਮ ਆਦਮੀ ਪਾਰਟੀ ਪ੍ਰਤੀ ਹੋਰ ਮਜ਼ਬੂਤ ਹੋਇਆ ਹੈ । ਇਸ ਮੌਕੇ ਚੇਅਰਮੈਨ ਹਰਿੰਦਰ ਸਿੰਘ ਸੈਦੀਪੁਰ, ਲਾਡੀ ਸਰਪੰਚ ਮਿਆਲ ਖੁਰਦ, ਜਗਜੀਤ ਸਿੰਘ ਸੋਨੀ ਵਿਰਕ, ਸੁੱਖੀ ਮੁੰਡਖੇੜਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਨਸ਼ੀਲੀਆਂ ਗੋਲੀਆਂ ਰੱਖਣ ਵਾਲੇ ਨੂੰ ਦਸ ਸਾਲ ਦੀ ਸਜ਼ਾ

ਪਟਿਆਲਾ, 9 ਸਤੰਬਰ (ਵਿਨੋਦ ਸ਼ਰਮਾ) : ਨਸ਼ੀਲੀਆਂ ਗੋਲੀਆਂ ਰੱਖਣ ਦੇ ਮਾਮਲੇ ਵਿੱਚ ਵਧੀਕ ਸੈਸ਼ਨ ਜੱਜ ਹਰਜੀਤ ਸਿੰਘ ਦੀ ਅਦਾਲਤ ਨੇ ਦੋਸ਼ੀ ਸੁਖਪਾਲ ਸਿੰਘ ਵਾਸੀ ਲੌਂਗੋਵਾਲ ਨੂੰ ਦਸ ਸਾਲ ਦੀ ਸਜ਼ਾ ਸੁਣਾਈ ਹੈ ਅਤੇ ਇੱਕ ਲੱਖ ਰੁਪਏ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇੱਕ ਸਾਲ ਦੀ ਵੱਖਰੀ ਸਜ਼ਾ ਭੁਗਤਣੀ ਪਵੇਗੀ। ਪੁਲਿਸ ਨੇ ਸਾਲ 2019 ਵਿਚ ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਥਾਣਾ ਸਦਰ ਪਟਿਆਲਾ ਵਿਖੇ ਮਾਮਲਾ ਦਰਜ ਕੀਤਾ ਸੀ।

'ਖੇਡਾਂ ਵਤਨ ਪੰਜਾਬ ਦੀਆਂ 2026'

ਬਲਾਕ ਸਨੌਰ ਦੀਆਂ ਖੇਡਾਂ ਦੇ ਉਦਘਾਟਨ ਲਈ ਆਗੂਆਂ ਨੇ ਹਡਾਣਾ ਨੂੰ ਦਿੱਤਾ ਸੱਦਾ ਪੱਤਰ


➢10 ਤੋਂ 12 ਤੱਕ ਸ਼ਹੀਦ ਊਧਮ ਸਿੰਘ ਸਪੋਰਟਸ ਸਟੇਡੀਅਮ ਸਨੌਰ ਵਿਖੇ ਸਜੇਗਾ ਖੇਡਾਂ ਦਾ ਪਿੜ



ਸਨੌਰ, 9 ਸਤੰਬਰ (ਜਪਿਅਨੰਤਪ੍ਰੀਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਖੇਡ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ 2026' ਤਹਿਤ ਬਲਾਕ ਸਨੌਰ ਪੱਧਰੀ ਖੇਡ ਮੁਕਾਬਲਿਆਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸੰਬੰਧੀ ਨਗਰ ਕੌਂਸਲ ਸਨੌਰ ਦੇ ਕੌਂਸਲਰ ਸਾਹਿਬਾਨ, ਪ੍ਰਬੰਧਕਾਂ ਅਤੇ ਆਗੂਆਂ ਵੱਲੋਂ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਨ੍ਹਾਂ ਬਲਾਕ ਪੱਧਰੀ ਖੇਡਾਂ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਅਤੇ ਰਸਮੀ ਉਦਘਾਟਨ ਕਰਨ ਲਈ ਵਿਸ਼ੇਸ਼ ਸੱਦਾ ਪੱਤਰ ਸੌਂਪਿਆ ਗਿਆ।ਇਸ ਮੌਕੇ ਕੌਂਸਲਰ ਸਾਹਿਬਾਨ ਅਤੇ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਸਨੌਰ ਦੇ ਖੇਡ ਮੁਕਾਬਲੇ 10 ਸਤੰਬਰ ਤੋਂ 12 ਸਤੰਬਰ 2026 ਤੱਕ ਸ਼ਹੀਦ ਊਧਮ ਸਿੰਘ ਸਪੋਰਟਸ ਸਟੇਡੀਅਮ ਨੇੜੇ ਦਾਣਾ ਮੰਡੀ, ਸਨੌਰ ਵਿਖੇ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਅਥਲੈਟਿਕਸ ਤੇ ਵਾਲੀਬਾਲ ਵਿੱਚ ਉਮਰ ਵਰਗ 14 ਤੋਂ 70 ਸਾਲ ਅਤੇ ਫੁੱਟਬਾਲ, ਖੋ-ਖੋ ਤੇ ਕਬੱਡੀ ਵਿੱਚ ਉਮਰ ਵਰਗ 14 ਤੋਂ 40 ਸਾਲ ਦੇ ਰੌਚਕ ਮੈਚ ਕਰਵਾਏ ਜਾਣਗੇ, ਜਿਸ ਵਿੱਚ ਹਲਕੇ ਦੇ ਸੈਂਕੜੇ ਖਿਡਾਰੀ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ।ਸੱਦਾ ਪੱਤਰ ਸਵੀਕਾਰ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਸਮੂਹ ਪ੍ਰਬੰਧਕਾਂ ਅਤੇ ਖੇਡ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਹਲਕਾ ਇੰਚਾਰਜ ਨੂੰ ਸੱਦਾ ਪੱਤਰ ਸੌਂਪਣ ਸਮੇਂ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਸਨੌਰ ਯੁਵਰਾਜ ਸਿੰਘ, ਚੇਅਰਮੈਨ ਹਰਪ੍ਰੀਤ ਸਿੰਘ ਘੁੰਮਣ, ਮਨਮੀਤ ਸਿੰਘ (ਮੁੰਨਾ), ਪ੍ਰਧਾਨ



ਪਟਿਆਲਾ-ਆਸ/ਪਾਸ



ਨਿਗਮ 'ਚ ਗ਼ੈਰ-ਹਾਜ਼ਰ ਮੁਲਾਜ਼ਮਾਂ ਖਿਲਾਫ਼ ਮੇਅਰ ਗੋਗੀਆ ਦਾ ਸਖਤ ਰੁਖ

➢ਅਚਨਚੇਤ ਚੈੱਕ ਕੀਤੇ ਹਾਜ਼ਰੀ ਰਜਿਸਟਰ

ਪਟਿਆਲਾ, 9 ਸਤੰਬਰ (ਰੁਪਾਣਾ) : ਨਗਰ ਨਿਗਮ ਪਟਿਆਲਾ ਦੇ ਕੰਮਕਾਜ ਨੂੰ ਚੁਸਤ-ਦਰੁਸਤ, ਪਾਰਦਰਸ਼ੀ ਅਤੇ ਲੋਕ-ਪੱਖੀ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਨੇ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਪ੍ਰਸ਼ਾਸਨਿਕ ਕੰਮਾਂ ਵਿੱਚ ਕੁਤਾਹੀ ਅਤੇ ਬਿਨਾਂ ਦੱਸੇ ਡਿਊਟੀ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਮੁਲਾਜ਼ਮਾਂ 'ਤੇ ਸਖਤੀ ਕਰਦਿਆਂ ਮੇਅਰ ਕੁੰਦਨ ਗੋਗੀਆ ਅਤੇ ਐਡੀਸ਼ਨਲ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਨਿਗਮ ਦਫ਼ਤਰ ਦੀਆਂ ਵੱਖ-ਵੱਖ ਸ਼ਾਖਾਵਾਂ ਦੀ ਅਚਨਚੇਤ ਚੈਕਿੰਗ ਕੀਤੀ ਅਤੇ ਹਾਜ਼ਰੀ ਰਜਿਸਟਰ ਖ਼ੁਦ ਜਾਚੇ। ਚੈਕਿੰਗ ਦੌਰਾਨ ਜਿਹੜੇ ਕਰਮਚਾਰੀ ਸਮੇਂ ਸਿਰ ਆਪਣੀ ਡਿਊਟੀ 'ਤੇ ਹਾਜ਼ਰ ਪਾਏ ਗਏ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੇ ਸਨ, ਮੇਅਰ ਨੇ ਉਨ੍ਹਾਂ ਦੀ ਪਿੱਠ ਥਾਪੜਦਿਆਂ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਦੂਜੇ ਪਾਸੇ, ਬਿਨਾਂ ਕਿਸੇ ਠੋਸ ਕਾਰਨ ਜਾਂ ਅਗਾਊਂ ਛੁੱਟੀ ਤੋਂ ਗ਼ੈਰ-



ਹਾਜ਼ਰ ਮਿਲੇ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਨੋਟਿਸ ਲੈਂਦਿਆਂ ਮੇਅਰ ਨੇ ਸਬੰਧਤ ਅਧਿਕਾਰੀਆਂ ਨੂੰ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਗੱਲਬਾਤ ਕਰਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦਾ ਹਰੇਕ ਵਿਭਾਗ ਸਿੱਧਾ ਆਮ ਜਨਤਾ ਨਾਲ ਜੁੜਿਆ ਹੋਇਆ ਹੈ। ਲੋਕ ਆਪਣੇ ਰੋਜ਼ਾਨਾ ਦੇ ਜ਼ਰੂਰੀ ਕੰਮਾਂ ਲਈ ਦਫ਼ਤਰ ਆਉਂਦੇ ਹਨ, ਇਸ ਲਈ ਸਮੂਹ ਸ਼ਾਖਾਵਾਂ ਦੇ ਮੁਲਾਜ਼ਮ ਅਤੇ ਅਧਿਕਾਰੀ ਲੋਕ-ਹਿੱਤ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਤਾਂ ਜੋ ਕਿਸੇ ਵੀ ਸ਼ਹਿਰੀ ਨੂੰ ਵਾਰ-ਵਾਰ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਤਾੜਨਾ ਕੀਤੀ ਕਿ ਜਨਤਕ ਕੰਮਾਂ ਵਿੱਚ ਬੇਲੋੜੀ ਦੇਰੀ, ਡਿਊਟੀ ਪ੍ਰਤੀ ਲਾਪ੍ਰਵਾਹੀ ਅਤੇ ਬਿਨਾਂ ਦੱਸੇ ਗ਼ੈਰ-ਹਾਜ਼ਰੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਐਡੀਸ਼ਨਲ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਕਿਹਾ ਕਿ ਨਿਗਮ ਪ੍ਰਸ਼ਾਸਨ ਦੀ ਮੁੱਖ ਤਰਜੀਹ ਲੋਕਾਂ ਨੂੰ ਬਿਨਾਂ ਕਿਸੇ ਦੇਰੀ ਤੇ ਪਾਰਦਰਸ਼ੀ ਢੰਗ ਨਾਲ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਅਚਨਚੇਤ ਚੈਕਿੰਗ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹੇਗੀ ਤਾਂ ਜੋ ਦਫ਼ਤਰੀ ਅਨੁਸ਼ਾਸਨ ਨੂੰ ਹਰ ਹਾਲ ਵਿੱਚ ਬਰਕਰਾਰ ਰੱਖਿਆ ਜਾ ਸਕੇ।

ਮੁੱਖ ਮੰਤਰੀ ਮਾਨ ਨੇ ਪੰਜਾਬੀਆਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ: ਭੂਸ਼ਨ ਮਤੀ



ਸਮਾਣਾ, 9 ਸਤੰਬਰ (ਵਿਜੇ ਕੁਮਾਰ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਭੂਸ਼ਨ ਮਤੀ ਮਾਨਸਾ ਨੇ ਸਮਾਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤੇ ਆਪਣੇ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਭਗਵੰਤ ਮਾਨ ਦੀ ਦਿਨ-ਰਾਤ ਦੀ ਮਿਹਨਤ ਸਦਕਾ 2027 ਦੀਆਂ ਚੋਣਾਂ ਵਿੱਚ 'ਆਪ' 100 ਤੋਂ ਵੱਧ ਸੀਟਾਂ ਜਿੱਤ ਕੇ ਦੁਬਾਰਾ ਸਰਕਾਰ ਬਣਾਏਗੀ। ਭੂਸ਼ਨ ਮਤੀ ਮਾਨਸਾ ਅੱਜ ਵਿਸ਼ੇਸ਼ ਤੌਰ 'ਤੇ ਸਮਾਣਾ ਵਿਖੇ ਸੀਨੀਅਰ ਪੱਤਰਕਾਰ ਸੁਭਾਸ਼ ਚੰਦਰ ਦਾ ਹਾਲ-ਚਾਲ ਜਾਣਨ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਹੋਏ ਸਨ, ਜਿੱਥੇ ਉਨ੍ਹਾਂ ਮੀਡੀਆ ਨਾਲ ਇਹ ਵਿਚਾਰ ਸਾਂਝੇ ਕੀਤੇ। ਸਰਕਾਰ ਦੀਆਂ ਉਪਲੱਬਧੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਨੇ ਅਕਲਪਨਿਕ ਤਰੱਕੀ ਕੀਤੀ ਹੈ, ਜੋ ਪਿਛਲੀਆਂ ਸਰਕਾਰਾਂ ਵੇਲੇ ਕਦੇ ਨਹੀਂ ਹੋਈ। ਸਰਕਾਰ ਹਰ ਵਰਗ ਨੂੰ ਬਿਨਾਂ ਭੇਦਭਾਵ ਸਹੂਲਤਾਂ ਦੇ ਰਹੀ ਹੈ, ਜਿਸ ਵਿੱਚ ਹਰੇਕ ਪਰਿਵਾਰ ਨੂੰ 600 ਯੂਨਿਟ ਮੁਫ਼ਤ ਬਿਜਲੀ ਅਤੇ ਔਰਤਾਂ ਨੂੰ 1000 ਤੋਂ 1500 ਰੁਪਏ ਮਹੀਨਾਵਾਰ ਵਿੱਤੀ ਸਹਾਇਤਾ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਸੂਬੇ ਵਿੱਚੋਂ ਨਸ਼ੇ ਅਤੇ ਰਿਸ਼ਵਤਖੋਰੀ 'ਤੇ ਪੂਰੀ ਤਰ੍ਹਾਂ ਨੱਥ ਪਾਉਣਾ ਹੈ, ਜਿਸ ਤੋਂ ਪੰਜਾਬ ਦਾ ਹਰ ਵਰਗ ਬੇਹੱਦ ਖ਼ੁਸ਼ ਹੈ।

ਹਰਚੰਦ ਸਿੰਘ ਬਰਸਟ ਵੱਲੋਂ 52.13 ਲੱਖ ਦੇ ਸੜਕੀ ਨਿਰਮਾਣ ਕਾਰਜਾਂ ਦਾ ਉਦਘਾਟਨ

➢ਮੈਹਸ ਕੱਲ੍ਹੇਮਾਜਰਾ ਰੋਡ ਤੋਂ ਨਾਭਾ-ਸੌਜਾ, ਰੋਹਟੀ ਬਸਤਾ ਸਿੰਘ ਅਤੇ ਇੱਛੇਵਾਲ ਤੱਕ ਬਣੇਗੀ ਸੜਕ



ਨਾਭਾ, 9 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਕਰੀਬ 52.13 ਲੱਖ ਰੁਪਏ ਦੇ ਸੜਕੀ ਪ੍ਰੋਜੈਕਟ ਦਾ ਰਿਬਨ ਕੱਟ ਕੇ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ ਹੈ। ਇਸ ਕਾਰਜ ਦੇ ਸ਼ੁਰੂ ਹੋਣ ਨਾਲ ਸਮੂਹ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਸਾਰਿਆਂ ਨੇ ਸ. ਹਰਚੰਦ ਸਿੰਘ ਬਰਸਟ ਦਾ ਫੁੱਲਾਂ ਦੇ ਗੁਲਦਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ. ਬਰਸਟ ਨੇ ਦੱਸਿਆ ਕਿ ਮੈਹਸ ਕੱਲ੍ਹੇਮਾਜਰਾ ਰੋਡ ਤੋਂ ਨਾਭਾ ਸੌਜਾ, ਰੋਹਟੀ ਬਸਤਾ ਸਿੰਘ ਅਤੇ ਇੱਛੇਵਾਲ ਤੱਕ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਸ਼ੁਰੂ ਕੀਤਾ ਗਿਆ ਹੈ। ਇਹ ਇੱਕ ਕਿਲੋਮੀਟਰ ਲੰਬੀ ਸੜਕ ਨੂੰ ਬਣਾਉਣ 'ਤੇ ਕਰੀਬ 52.13 ਲੱਖ ਰੁਪਏ ਖਰਚ ਆਵੇਗਾ। ਇਸ ਸੜਕ ਦੇ ਬਣਨ ਨਾਲ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਹਨਾਂ ਦਾ ਸਫ਼ਰ ਸੁਖਾਲਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਹੈ। ਪਿੰਡਾਂ ਦੀਆਂ ਲਿੰਕ ਸੜਕਾਂ ਦਾ ਨਵੀਨੀਕਰਨ ਅਤੇ ਮੁਰੰਮਤ ਸਰਕਾਰ ਦੀ ਮੁੱਖ ਤਰਜੀਹ ਹੈ, ਤਾਂ ਜੋ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਮੰਡੀਆਂ ਅਤੇ ਸ਼ਹਿਰਾਂ ਤੱਕ ਪਹੁੰਚਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਸ. ਬਰਸਟ ਨੇ ਅੱਗੇ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਭਰ ਦੀਆਂ ਮੰਡੀਆਂ ਦੇ ਇਨਫਰਾਸਟਰਕਚਰ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਲਿੰਕ ਸੜਕਾਂ ਦੀ ਨਵੀਨੀਕਰਨ ਅਤੇ ਮੁਰੰਮਤ ਕੀਤੀ ਜਾ ਰਹੀ ਹੈ।ਹੁਣ ਇਸ ਸੜਕ ਦੇ ਪੱਕੇ ਹੋਣ ਨਾਲ ਉਨ੍ਹਾਂ ਦੀ ਇਹ ਵੱਡੀ ਸਮੱਸਿਆ ਹਮੇਸ਼ਾ ਲਈ ਹੱਲ ਹੋ ਜਾਵੇਗੀ। ਇਸ ਮੌਕੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ, ਜੁਗਤੇਜ਼ ਸਿੰਘ ਖੰਗੂੜਾ ਬ੍ਰਦਰਜ਼ ਬਰਿਕ ਕਿਲਨ ਕੰਪਨੀ, ਹਾਕਮ ਸਿੰਘ ਸਰਪੰਚ ਇੱਛੇਵਾਲ, ਗੁਰਧਿਆਨ ਸਿੰਘ ਸਰਪੰਚ ਰੋਹਟੀ ਬਸਤਾ, ਜਸਪਾਲ ਸਿੰਘ ਸਰਪੰਚ ਕੱਲ੍ਹੇਮਾਜਰਾ, ਗੁਰਪ੍ਰੀਤ ਸਿੰਘ ਸਰਪੰਚ ਸੁਰਾਜਪੁਰ, ਜਸਵੰਤ ਸਿੰਘ, ਚਰਨਜੀਤ ਸਿੰਘ, ਬੇਅੰਤ ਸਿੰਘ, ਕੇਸਰ ਸਿੰਘ, ਭੁਪਿੰਦਰ ਸਿੰਘ ਕੱਲ੍ਹੇਮਾਜਰਾ, ਭੁਪਿੰਦਰ ਸਿੰਘ ਧਾਰੋਕੀ, ਦੀਦਾਰ ਸਿੰਘ ਇੱਛੇਵਾਲ, ਜਸਮੇਲ ਸਿੰਘ ਇੱਛੇਵਾਲ, ਪੱਪੀ ਕੱਲ੍ਹੇਮਾਜਰਾ, ਇੱਸ਼ਰ ਸਿੰਘ ਸਾਬਕਾ ਸਰਪੰਚ, ਸੁਖਚੈਨ ਸਿੰਘ, ਅੰਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨੀਅਰ, ਪੰਕਜ ਮਹਿਰਾ ਐਸ. ਡੀ. ਓ. ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਰਹੇ।

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਹੋਵੇਗਾ ਸ਼ਾਨਦਾਰ ਡਰੋਨ ਸ਼ੋਅ

ਪਟਿਆਲਾ, 9 ਸਤੰਬਰ (ਚ.ਨ.ਸ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅਨਾਜ ਮੰਡੀ, ਸਰਹਿੰਦ ਰੋਡ (ਹਲਕਾ ਪਟਿਆਲਾ ਦਿਹਾਤੀ) ਵਿਖੇ 10 ਸਤੰਬਰ ਦੀ ਸ਼ਾਮ ਨੂੰ 500 ਡਰੋਨਾਂ ਦਾ ਸ਼ਾਨਦਾਰ ਸ਼ੋਅ ਕਰਵਾਇਆ ਜਾ ਰਿਹਾ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਆਧੁਨਿਕ ਤਕਨਾਲੋਜੀ ਅਤੇ ਰੌਸ਼ਨੀਆਂ ਦੇ ਇਸ ਵਿਲੱਖਣ ਪ੍ਰਦਰਸ਼ਨ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸੰਦੇਸ਼ ਅਤੇ ਮਨੁੱਖਤਾ ਪ੍ਰਤੀ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਸਮਾਨ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਵੇਗਾ। ਇਹ ਸ਼ੋਅ ਧਾਰਮਿਕ ਆਸਥਾ, ਤਕਨਾਲੋਜੀ ਅਤੇ ਸੱਭਿਆਚਾਰ ਦਾ ਸੁੰਦਰ ਸੁਮੇਲ ਪੇਸ਼ ਕਰੇਗਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਵਿਲੱਖਣ ਪ੍ਰੋਗਰਾਮ ਨੂੰ ਲੈ ਕੇ ਲੋਕਾਂ ਵਿੱਚ ਉਤਸ਼ਾਹ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਸ਼ਕਾਂ ਦੀ ਸਹੂਲਤ, ਸੁਰੱਖਿਆ ਅਤੇ ਸੁਚਾਰੂ ਪ੍ਰਬੰਧਾਂ ਲਈ ਲੋੜੀਂਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸਿਹਤ ਮੰਤਰੀ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਸਮੇਤ ਸਰਹਿੰਦ ਰੋਡ ਅਨਾਜ ਮੰਡੀ ਵਿਖੇ ਪਹੁੰਚ ਕੇ ਇਸ ਯਾਦਗਾਰੀ ਡਰੋਨ ਸ਼ੋਅ ਦੇ ਸ਼ਾਮਲ ਹੋ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਸਾਂਝੀਆਂ ਕਰਨ।

ਸੁਰਜੀਤ ਸਿੰਘ ਰੱਖੜਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਅਸਥਾਨਾਂ ਲਈ ਬੱਸਾਂ ਰਵਾਨਾ



ਸਮਾਣਾ, 9 ਸਤੰਬਰ (ਵਿਜੇ ਕੁਮਾਰ/ਵਿਜੇ ਕੁਮਾਰ) : ਸਾਬਕਾ ਕੈਬਨਿਟ ਮੰਤਰੀ ਅਤੇ 'ਆਮ ਆਦਮੀ ਪਾਰਟੀ' ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਦੀ ਅਗਵਾਈ ਹੇਠ ਹਲਕਾ ਸਮਾਣਾ ਦੇ ਪਿੰਡ ਤਲਵੰਡੀ ਮਲਿਕ, ਭਗਵਾਨਪੁਰਾ (ਖੱਤਰੀਵਾਲਾ) ਅਤੇ ਬੱਲਮਗੜ੍ਹ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ਼ਰਧਾਲੂਆਂ ਦੀਆਂ ਬੱਸਾਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਅਰਦਾਸ ਕਰਨ ਉਪਰੰਤ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀਆਂ ਗਈਆਂ। ਇਸ ਮੌਕੇ ਸੰਬੋਧਨ ਕਰਦਿਆਂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਹ ਲੋਕ ਭਲਾਈ ਯੋਜਨਾ ਸ਼ਰਧਾਲੂਆਂ ਨੂੰ ਮੁਫ਼ਤ ਅਤੇ ਸਨਮਾਨ ਨਾਲ ਤੀਰਥ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨਾ ਸਿਰਫ਼ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਾ ਹੈ, ਸਗੋਂ ਸਮਾਜ ਵਿੱਚ ਸੇਵਾ, ਸਾਂਝ ਅਤੇ ਆਸਥਾ ਦੀ ਭਾਵਨਾ ਨੂੰ ਵੀ ਹੋਰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਬਜ਼ੁਰਗਾਂ ਅਤੇ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਸ਼ੁਰੂ ਕੀਤੀ ਗਈ ਇਸ ਯੋਜਨਾ ਸਦਕਾ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਭਵਿੱਖ ਵਿੱਚ ਵੀ ਹਲਕੇ ਦੇ ਹੋਰਨਾਂ ਪਿੰਡਾਂ ਤੋਂ ਸ਼ਰਧਾਲੂਆਂ ਨੂੰ ਇਸ ਯੋਜਨਾ ਦਾ ਲਾਭ ਪਹੁੰਚਾਉਣ ਲਈ ਵਚਨਬੱਧ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਸਹੂਲਤ ਦਾ ਲਾਭ ਉਠਾ ਸਕਣ। ਉਨ੍ਹਾਂ ਸ਼ਰਧਾਲੂਆਂ ਨੂੰ ਸੁਖਾਵੀਂ ਅਤੇ ਸੁਖਦ ਯਾਤਰਾ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਸੁਖੀ-ਸਹੀ ਪਰਤਣ ਦੀ ਕਾਮਨਾ ਕੀਤੀ।

'ਬਟਵਾਰੇ ਕਾ ਦਰਦ' ਹਿੰਦੀ ਨਾਟਕ ਦਾ ਮੰਚਨ 12 ਨੂੰ

ਪਟਿਆਲਾ, 9 ਸਤੰਬਰ (ਚ.ਨ.ਸ) : ਉੱਤਰੀ ਖੇਤਰ ਸੱਭਿਆਚਾਰਕ ਕੇਂਦਰ (ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ) ਪਟਿਆਲਾ ਵੱਲੋਂ ਕੇਂਦਰ ਦੇ ਡਾਇਰੈਕਟਰ ਡਾਕਟਰ ਅਸ਼ਵਿਨ ਮਹੇਸ਼ ਦਲਵੀ ਦੀ ਅਗਵਾਈ ਹੇਠ ਐਨ ਜੈਡ ਸੀ ਸੀ ਵੱਲੋਂ ਮਾਸਿਕ ਥੀਏਟਰ ਲੜੀ ਦੇ ਹਿੱਸੇ ਵਜੋਂ, ਹਿੰਦੀ ਨਾਟਕ 'ਬਟਵਾਰੇ ਕਾ ਦਰਦ' ਦਾ ਮੰਚਨ ਅਦੀਤੀ ਮਹਾਵਿਦਿਆਲਿਆ, ਯੂਨੀਵਰਸਿਟੀ ਆਫ ਦਿੱਲੀ ਦੇ ਕਲਾਕਾਰਾਂ ਵੱਲੋਂ 12 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਮ 6:30 ਵਜੇ ਕਾਲੀ ਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ ਨੇੜੇ ਭਾਸ਼ਾ ਭਵਨ ਸ਼ੇਰਾ ਵਾਲਾ ਗੇਟ, ਪਟਿਆਲਾ ਵਿਖੇ ਕੀਤਾ ਜਾਵੇਗਾ। ਇਸ ਨਾਟਕ ਦੇ ਨਿਰਦੇਸ਼ਕ ਹਰਵਿੰਦਰ ਕੌਰ ਹਨ।

ਨਸ਼ੇ ਦੇ ਆਦੀ ਵਿਅਕਤੀਆਂ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 9 ਸਤੰਬਰ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਅਕਾਸ਼ ਕੁਮਾਰ ਵਾਸੀ ਗਲੀ ਨੰ. 1 ਦੀਨ ਦਿਆਲ ਉਪਾਧਿਆ ਨਗਰ ਪਟਿਆਲਾ ਵਿਰੁੱਧ ਧਾਰਾ 27, 61,85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਅਰਸ਼ਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਵਰਕਸ਼ਾਪ ਪਟਿਆਲਾ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅ